ਇਹ ਬਾਇਓ ਗੈਸ ਪਲਾਂਟ ਇੱਟਾਂ ਨਾਲ ਬਣਾਇਆ ਜਾਂਦਾ ਹੈ ਤੇ ਇਸ ਵਿਚ ਕੰਕਰੀਟ ਜਾਂ ਲੋਹੇ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਹ ਪਲਾਂਟ ਦੇਸ਼ ਭਰ ਵਿਚ ਕਿਤੇ ਵੀ ਲਗਾਇਆ ਜਾ ਸਕਦਾ ਹੈ। ਇਸ ਦੀ ਸਮਰਥਾ 25 ਤੋਂ 500 ਘਣ ਮੀਟਰ ਪ੍ਰਤੀ ਦਿਨ ਹੈ। ਇਨ੍ਹਾਂ ਪਲਾਂਟਾਂ ਵਿਚ ਗੋਹੇ 'ਚ ਪਾਣੀ ਦੀ ਮਾਤਰਾ ਨੂੰ 40-50 ਫ਼ੀਸਦੀ ਤਕ ਘਟਾਇਆ ਜਾ ਸਕਦਾ ਹੈ। ਇਸ ਦੇ ਰੱਖ-ਰਖਾਓ 'ਤੇ ਦੂਜੇ, ਕੰਕਰੀਟ ਤੇ ਲੋਹੇ ਵਾਲੇ ਪਲਾਂਟ ਦੇ ਮੁਕਾਬਲੇ 40 ਤੋਂ 50 ਫ਼ੀਸਦੀ ਘੱਟ ਖ਼ਰਚ ਆਉਂਦਾ ਹੈ। ਪਲਾਂਟ ਦੀ ਕੀਮਤ 3 ਤੋਂ 4 ਸਾਲ ਵਿਚ ਵਸੂਲ ਕੀਤੀ ਜਾ ਸਕਦੀ ਹੈ। ਭਾਰਤ ਸਰਕਾਰ ਦੇ ਨਵੀਨ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰਾਲੇ ਵੱਲੋਂ ਇਨ੍ਹਾਂ ਪਲਾਂਟਾਂ ਨੂੰ ਲਗਾਉਣ ਵਾਸਤੇ ਪੀਏਯੂ ਰਾਹੀਂ ਸਬਸਿਡੀ ਵੀ ਦਿੱਤੀ ਜਾਂਦੀ ਹੈ।

ਹੁਣ ਤਕ ਪੰਜਾਬ ਵਿਚ ਇਸ ਤਰ੍ਹਾਂ ਦੇ 100 ਬਾਇਓ ਗੈਸ ਪਲਾਂਟ ਲਗਾਏ ਜਾ ਚੁੱਕੇ ਹਨ, ਜੋ ਸਫ਼ਲਤਾ-ਪੂਰਵਕ ਚੱਲ ਰਹੇ ਹਨ। ਭਾਰਤ ਦੇ ਦੂਸਰੇ ਸੂਬਿਆਂ ਹਰਿਆਣਾ, ਰਾਜਥਾਨ, ਤਮਿਲਨਾਡੂ, ਮੱਧ ਪ੍ਰਦੇਸ਼, ਗੁਜਰਾਤ, ਝਾਰਖੰਡ, ਗੋਆ, ਕਰਨਾਟਕ, ਉੱਤਰ ਪ੍ਰਦੇਸ਼ ਵਿਚ ਪੀਏਯੂ ਵੱਲੋਂ 25 ਬਾਇਓ ਗੈਸ ਪਲਾਂਟ ਲਗਾਏ ਜਾ ਚੁੱਕੇ ਹਨ।

## ਕੋ-ਆਪ੍ਰੇਟਿਵ ਸਹਿਕਾਰੀ ਸਭਾ ਦਾ ਅਹਿਮ ਉਪਰਾਲਾ

ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਲਾਂਬੜਾ ਕਾਂਗੜੀ ਬਹੁਮੰਤਵੀ ਕੋ-ਆਪ੍ਰੇਟਿਵ ਸਹਿਕਾਰੀ ਸਭਾ ਦੇ ਪਾਜੈਕਟ ਮੈਨੇਜਰ ਜਸਵਿੰਦਰ ਸਿੰਘ ਨੇ ਸਹਿਕਾਰੀ ਸਭਾ ਵਿਚ ਪੀਏਯੂ ਮਾਡਲ ਬਾਇਓ ਗੈਸ ਪਲਾਂਟ ਲਗਾਉਣ ਵਾਸਤੇ ਪੀਏਯੂ ਦੇ ਨਵਿਆਉਣਯੋਗ ਊਰਜਾ ਇੰਜਨੀਅਰਿੰਗ ਸਕੂਲ ਕੋਲ ਪਹੁੰਚ ਕੀਤੀ।

ਜਸਵਿੰਦਰ ਸਿੰਘ ਇਸ ਗੈਸ ਪਲਾਂਟ ਤੋਂ ਪੈਦਾ ਹੋਣ ਵਾਲੀ ਬਾਇਓ ਗੈਸ ਨੂੰ ਆਪਣੇ ਪਿੰਡ ਦੇ 30-40 ਘਰਾਂ ਨੂੰ ਮੁਫ਼ਤ ਸਪਲਾਈ ਕਰਨਾ ਚਾਹੁੰਦੇ ਸਨ। ਵਿਚਾਰ-ਚਰਚਾ ਤੋਂ ਬਾਅਦ ਪੀਏਯੂ ਵਿਗਿਆਨੀਆਂ ਵੱਲੋਂ 100 ਘਣ ਮੀਟਰ ਸਮਰਥਾ ਵਾਲਾ ਬਾਇਓ ਗੈਸ ਪਲਾਂਟ ਲਗਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਬਾਇਓ ਗੈਸ ਪਲਾਂਟ ਦੀ ਚਿਣਾਈ ਫਰਵਰੀ 2016 ਵਿਚ ਮੁਕੰਮਲ ਹੋਈ ਤੇ ਗੋਬਰ ਪਾਉਣ ਤੋਂ ਬਾਅਦ ਮਾਰਚ 2016 ਵਿਚ ਪਲਾਂਟ ਤੋਂ ਬਾਇਓ ਗੈਸ ਪੈਦਾ ਹੋਣੀ ਸ਼ੁਰੂ ਹੋ ਗਈ। ਇਹ ਸਕੂਲ ਹੁਣ ਤਕ ਇਸ ਪ੍ਰਾਜੈਕਟ ਦੀ ਦੇਖ-ਰੇਖ ਕਰ ਰਿਹਾ ਹੈ।

## ਇਕ ਪਲਾਂਟ ਤੋਂ ਬਹੁਤ ਸਾਰੇ ਘਰਾਂ ਨੂੰ ਗੈਸ ਦੀ ਸਪਲਾਈ

ਲਾਂਬੜਾ ਕਾਂਗੜੀ ਬਹੁਮੰਤਵੀ ਕੋ-ਆਪ੍ਰੇਟਿਵ ਸਹਿਕਾਰੀ ਸਭਾ ਲਿਮਟਿਡ, ਪਿੰਡ ਤੇ ਡਾਕਘਰ ਲਾਂਬੜਾ ਕਾਂਗੜੀ, ਜ਼ਿਲ੍ਹਾ ਹੁਸ਼ਿਆਰਪੁਰ ਦੇ ਇਸ ਬਾਇਓ ਗੈਸ ਪਲਾਂਟ ਨੂੰ ਗੋਬਰ ਮੁਹੱਈਆ ਕਰਵਾਉਣ ਵਾਲੇ ਕੁਲ 28 ਪਰਿਵਾਰ ਹਨ। ਇਨ੍ਹਾਂ ਪਰਿਵਾਰਾਂ ਕੋਲ ਕੁਲ 175 ਪਸ਼ੂ ਹਨ, ਜਿਨ੍ਹਾਂ ਤੋਂ ਰੋਜ਼ਾਨਾ 2500 ਕਿੱਲੋ ਗੋਬਰ ਇਕੱਠਾ ਹੁੰਦਾ ਹੈ। ਮਾਰਚ 2016 ਤੋਂ ਸ਼ੁਰੂ ਹੋਇਆ ਇਹ ਗੈਸ ਪਲਾਂਟ ਇਸ ਸਮੇਂ 34 ਘਰਾਂ ਨੂੰ ਬਾਇਓ ਗੈਸ ਮੁਹੱਈਆ ਕਰਵਾ ਰਿਹਾ ਹੈ। ਉਕਤ ਬਾਇਓ ਗੈਸ ਪਲਾਂਟ ਤੋਂ ਇਲਾਵਾ ਪਿੰਡ ਵਿਚ ਸਿਰਫ਼ ਪਰਿਵਾਰ ਕੋਲ ਆਪਣਾ ਨਿੱਜੀ ਬਾਇਓ ਗੈਸ ਪਲਾਂਟ ਹੈ।

ਸਹਿਕਾਰੀ ਸਭਾ ਦੇ ਪਲਾਂਟ ਤੋਂ ਪਿਡ ਵਿਚਲੇ ਘਰਾਂ ਨੂੰ ਸਵੇਰੇ 4 ਵਜੇ ਤੋਂ ਰਾਤ 10 ਵਜੇ ਤਕ ਬਾਇਓ ਗੈਸ ਸਪਲਾਈ ਕੀਤੀ ਜਾਂਦੀ ਹੈ। ਪ੍ਰਤੀ ਪਰਿਵਾਰ ਬਾਇਓ ਗੈਸ ਦੀ ਔਸਤ ਖਪਤ ਇਕ ਤੋਂ ਦੋ ਘਣ ਮੀਟਰ ਹੈ। ਬਾਇਓ ਗੈਸ ਦੀ ਵਰਤੋਂ ਕਰਨ ਲਈ ਪਰਿਵਾਰ ਵੱਲੋਂ ਪਲਾਂਟ ਨੂੰ 10 ਘਣ ਮੀਟਰ ਤਕ 10 ਰੁਪਏ ਪ੍ਰਤੀ ਘਣ ਮੀਟਰ, 10 ਤੋਂ 20 ਘਣ ਮੀਟਰ ਤਕ 8 ਰੁਪਏ ਪ੍ਰਤੀ ਘਣ ਮੀਟਰ ਅਤੇ 20 ਘਣ ਮੀਟਰ ਤੋਂ ਵੱਧ ਖਪਤ ਹੋਣ 'ਤੇ 6 ਰੁਪਏ ਪ੍ਰਤੀ ਘਣ ਮੀਟਰ ਖ਼ਰਚੇ ਦੇ ਰੂਪ 'ਚ ਦਿੱਤੇ ਜਾਂਦੇ ਹਨ। ਜ਼ਿਕਰਯੋਗ ਹੈ ਕਿ ਮਾਰਚ 2016 ਤੋਂ ਮੌਜੂਦਾ ਸਮੇਂ ਤਕ ਇਸ ਪਲਾਂਟ ਵਿਚ ਕਈ ਨੁਕਸ ਨਹੀਂ ਪਿਆ।

*ਮੋਬਾਈਲ 98720-84513*




# ਸਬਜ਼ੀਆਂ ਦੀ ਖੇਤੀ

*ਸਬਜ਼ੀਆਂ ਦੀ ਖੇਤੀ ਕਿਸਾਨਾਂ ਲਈ ਬਹੁਤ ਲਾਹੇਵੰਦ ਹੈ। ਇਹ ਘੱਟ ਸਮੇਂ ਵਿਚ ਤਿਆਰ ਹੋ ਜਾਂਦੀਆਂ ਹਨ ਅਤੇ ਮੁਨਾਫ਼ਾ ਵੀ ਵਧੇਰੇ ਦਿੰਦੀਆਂ ਹਨ। ਕਿਸਾਨ ਸਮੇਂ ਅਨੁਸਾਰ ਸਬਜ਼ੀਆਂ ਦੀ ਬਿਜਾਈ ਕਰ ਕੇ ਵਧੇਰੇ ਮੁਨਾਫ਼ਾ ਲੈ ਸਕਦੇ ਹਨ...*

## ਜੜ੍ਹਦਾਰ ਸਬਜ਼ੀਆਂ

ਮੂਲੀ ਦੀਆਂ ਕਿਸਮਾਂ, ਪੰਜਾਬ ਸਫ਼ੈਦ ਮੂਲੀ-2, ਪੰਜਾਬ ਪਸੰਦ ਅਤੇ ਜਪਾਨੀ ਵਾਈਟ, ਸ਼ਲਗਮ ਦੀ ਐਲ-1 ਅਤੇ ਗਾਜ਼ਰ ਦੀ ਪੰਜਾਬ ਬਲੈਕ ਬਿਊਟੀ, ਪੰਜਾਬ ਕੈਰਟ ਰੈਡ ਅਤੇ ਪੀ ਸੀ 34 ਦੀ ਬਿਜਾਈ ਖਤਮ ਕਰ ਦਿਓ। 15 ਟਨ ਗਲੀ ਸੜੀ ਰੂੜੀ ਬਿਜਾਈ ਤੋਂ 10 ਦਿਨ ਪਹਿਲਾ ਚੰਗੀ ਤਰ੍ਹਾਂ ਜ਼ਮੀਨ ਵਿੱਚ ਮਿਲਾਉ। ਇਸ ਤੋਂ ਇਲਾਵਾ 55 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਉ। ਵਧੀਆ ਕੁਆਲਟੀ ਦੀ ਗਾਜ਼ਰ ਪੈਦਾ ਕਰਨ ਲਈ 50 ਕਿਲੋ ਪੋਟਾਸ ਪ੍ਰਤੀ ਏਕੜ ਜਰੂਰ ਪਾਉ। ਗਾਜ਼ਰ ਅਤੇ ਮੂਲੀ ਦਾ 4 ਕਿਲੋ ਅਤੇ ਸ਼ਲਗਮ ਦਾ 2 ਕਿਲੋ ਬੀਜ ਪ੍ਰਤੀ ਏਕੜ ਪਾਉ। ਬਿਜਾਈ ਤੋ ਪਹਿਲਾ ਬੀਜ ਨੂੰ 3 ਗ੍ਰਾਮ ਕੈਪਟਾਨ ਜਾਂ ਥੀਰਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧੋ। ਇਹਨਾਂ ਫਸਲਾਂ ਨੂੰ ਤਦ ਹੀ ਪਾਣੀ ਦਿਉ ਜਦੋ ਜਰੂਰਤ ਸਮਝੋ, ਨਹੀ ਤਾਂ ਪੱਤੇ ਬਹੁਤ ਵੱਧ ਜਾਣਗੇ ਅਤੇ ਮੂਲੀ, ਸ਼ਲਗਮ ਉੱਪਰ ਵਾਲਾ ਦਾ ਵਾਧਾ, ਫੱਟਣਾ, ਧੱਬੇ ਅਤੇ ਵਾਧੂ ਜੜ੍ਹਾਂ ਆਦਿ ਆ ਜਾਣਗੀਆਂ।

## ਆਲੂ

ਆਲੂ ਦੀ ਫ਼ਸਲ ਬੀਜਣ ਸਮੇਂ 20 ਟਨ ਦੇਸੀ ਗਲੀ ਸੜੀ ਰੂੜੀ, 80 ਕਿਲੋ ਯੂਰੀਆ, 155 ਕਿਲੋ ਸਿੰਗਲ ਸੁਪਰਫਾਸਫੇਟ, 40 ਕਿਲੋ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਏਕੜ ਦੇ ਹਿਸਾਬ ਖੇਤ ਵਿੱਚ ਪਾਉ। ਦੇਸੀ ਖਾਦ ਬਿਜਾਈ ਦੇ ਦਸ ਦਿਨ ਪਹਿਲਾਂ ਪਾਉ। ਜਦੋਂ ਕਿ ਦੂਸਰੀਆਂ ਖਾਦਾਂ ਬਿਜਾਈ ਸਮੇਂ ਪਾਉ ਅਤੇ ਇਨ੍ਹਾਂ ਨੂੰ ਜ਼ਮੀਨ ਵਿੱਚ ਮਿਲਾ ਦਿਉ। ਨਦੀਨਾਂ ਦੀ ਰੋਕਥਾਮ ਲਈ ਸਟੌਂਪ 30 ਈ ਸੀ ਇੱਕ ਲਿਟਰ ਜਾਂ ਐਟਰਾਟਾਫ਼ 50 ਘੁਲਣਸ਼ੀਲ ਜਾਂ ਸੈਨਕੋਰ 70 ਤਾਕਤ ਨਦੀਨ ਉੱਗਣ ਤੋਂ ਪਹਿਲਾਂ 200 ਗ੍ਰਾਮ ਪ੍ਰਤੀ ਏਕੜ ਜਾਂ ਗਰਾਮੈਕਸੋਨ 500-750 ਮਿਲੀਲਿਟਰ ਦਾ ਛਿੜਕਾਅ ਤਦ ਕਰੋ ਜਦੋਂ ਫ਼ਸਲ 5-10 ਪ੍ਰਤੀਸ਼ਤ ਤੱਕ ਉੱਗ ਆਈ ਹੋਵੇ, ਪਰ ਨਦੀਨ ਪੂਰੀ ਤਰ੍ਹਾਂ ਉੱਗ ਆਏ ਹੋਣ। ਐਟਰਾਟਾਫ਼ ਉਨ੍ਹਾਂ ਖੇਤਾਂ ਵਿੱਚ ਨਾ ਵਰਤੋ ਜਿੱਥੇ ਆਲੂਆ ਤੋ ਪਿੱਛੋ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਬਿਜਾਈ ਕਰਨੀ ਹੈ। ਝੁਲਸ ਰੋਗ ਦੀ ਰੋਕਥਾਮ ਲਈ ਨਿਰੋਗ ਅਤੇ ਨਰੋਇਆ ਬੀਜ ਵਰਤੋ। ਬਿਮਾਰ ਅਤੇ ਰੱਦੀ ਆਲੂਆਂ ਨੂੰ ਗੁਦਾਮਾਂ ਵਿੱਚੋਂ ਕੱਢਣ ਤੇ ਛਾਂਟੀ ਕਰਨ ਪਿੱਛੋਂ ਢੇਰਾਂ ਵਿੱਚ ਨਾ ਛੱਡੋ, ਸਗੋਂ ਟੋਏ ਕੱਢ ਕੇ ਦੱਬ ਦਿਉ। ਬੀਜ ਨੂੰ ਬੀਮਾਰੀ (ਪਿਛੇਤੇ ਝੁਲਸ ਰੋਗ) ਤੋਂ ਮੁਕਤ ਰੱਖਣ ਲਈ ਉੱਚੀਆਂ ਵੱਟਾਂ ਬਣਾਉ ਅਤੇ ਖਰੀੜ ਰੋਗ ਤੋਂ ਬਚਾਅ ਲਈ ਬੀਜ ਨੂੰ 10 ਮਿੰਟ ਲਈ 0.25% ਮੋਨਸਰਨ ਦੇ ਘੋਲ ਵਿੱਚ ਸੋਧ ਲਉ। ਸਕੈਬ ਦੀ ਬਿਮਾਰੀ ਘਟਾਉਣ ਲਈ ਮਿੱਟੀ ਸਿੱਲ੍ਹੀ ਰੱਖੋ। ਜੇਕਰ ਅਕਤੂਬਰ ਦੇ ਤੀਸਰੇ-ਚੋਥੇ ਹਫ਼ਤੇ ਭਾਰੀ ਬਾਰਸ਼ ਹੋਈ ਹੈ ਤਾਂ ਫ਼ਸਲ ਨੂੰ ਪਿਛੇਤੇ ਝੁਲਸ ਰੋਗ ਤੋਂ ਬਚਾਉਣ ਲਈ ਇੰਡੋਫਿਲ ਐਮ-45 ਦਾ 500-700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਫ਼ਸਲ ਤੇ ਛਿੜਕਾਅ ਕਰੋ।

## ਪੱਤੇਦਾਰ ਸਬਜ਼ੀਆਂ

ਪਾਲਕ ਦਾ 5 ਕਿਲੋ ਬੀਜ ਪ੍ਰਤੀ ਏਕੜ 20 ਸੈ.ਮੀ. ਦਾ ਫਾਸਲੇ ਤੇ ਕਤਾਰਾਂ ਵਿੱਚ ਬੀਜੋ। 10 ਟਨ ਗਲੀ ਸੜੀ ਰੂੜੀ, 35 ਕਿਲੋ ਯੂਰੀਆ ਅਤੇ 75 ਕਿਲੋ ਸੁਪਰਫਾਸਫੇਟ ਪ੍ਰਤੀ ਏਕਛੜ ਬਿਜਾਈ ਤੋਂ ਪਹਿਲਾ ਪਾਉ। ਸਲਾਦ ਦਾ 400 ਗ੍ਰਾਮ ਬੀਜ ਪ੍ਰਤੀ ਏਕੜ ਵਾਸਤੇ ਨਰਸਰੀ ਵਿੱਚ ਬੀਜੋ। ਬੀਜ ਜਾਂ ਪਨੀਰੀ ਲਾਉਣ ਤੋ ਪਹਿਲਾ 55 ਕਿਲੋ ਯੂਰੀਆਂ ਅਤੇ 75 ਕਿਲ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਉ। ਕਤਾਰਾਂ ਅਤੇ ਬੂਟਿਆਂ ਦਾ ਫਾਸਲਾਂ 45 ਅਤੇ 30 ਸੈ.ਮੀ. ਰੱਖੋ।

## ਟਮਾਟਰ

100 ਗ੍ਰਾਮ ਬੀਜ ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ ਦਰ ਮਰਲੇ (50 ਸੁਕੇਅਰ ਮੀਟਰ) ਵਿੱਚ ਬੀਜੋ। ਨਜ਼ਦੀਕ ਮੰਡੀਆਂ ਅਤੇ ਘਰ ਬਗੀਚਿਆਂ ਲਈ ਪੰਜਾਬ ਐੱਨ ਆਰ 7 ਕਿਸਮ ਬੀਜੋ। ਕੁਝ ਦੂਰ ਵਾਲੀਅ ਮੰਡੀਆਂ ਲਈ ਅਤੇ ਟਮਾਟਰਾਂ ਤੋ ਤਿਆਰ ਹੋਣ ਵਾਲੇ ਪਦਾਰਥਾਂ ਲਈ ਪੰਜਾਬ ਛੁਹਾਰਾ ਜਾਂ ਟੀ ਐਚ-1 ਕਿਸਮ ਬੀਜੋ। ਜਿੰਨ੍ਹਾਂ ਖੇਤਾਂ ਵਿੱਚ ਨੀਮਾਟੋਡ ਹੋਣ, ਉਨ੍ਹਾਂ ਵਿੱਚ ਪੰਜਾਬ ਐਨ ਆਰ 7 ਕਿਸਮ ਬੀਜੋ। ਹੋਰ ਕਿਸਮਾਂ ਪੰਜਾਬ ਰੱਤਾ ਅਤੇ ਪੰਜਾਬ ਉਪਮਾ ਵੀ ਬੀਜੀਆਂ ਜਾ ਸਕਦੀਆਂ ਹਨ। ਨਰਸਰੀ ਲਗਾਉਣ ਤੋਂ ਪਹਿਲਾ ਬੀਜ ਨੂੰ ਕੈਪਟਾਨ ਜਾਂ ਥਰਿਮ 3 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧੋ।

## ਗੰਢੇ

ਗੰਢਿਆਂ ਦੀ ਪਨੀਰੀ ਤਿਆਰ ਕਰਨ ਲਈ 15 ਤੋਂ 20 ਸੈਂਟੀਮੀਟਰ ਉੱਚੇ ਬੈੱਡ ਰੱਖ ਕੇ 4-5 ਕਿਲੋ ਬੀਜ ਇੱਕ ਏਕੜ ਦੀ ਬਿਜਾਈ ਲਈ 8 ਮਰਲੇ ਵਿੱਚ ਬੀਜ ਦਿਓ। ਪੰਜਾਬ ਨਰੋਆ ਪੀ ਆਰ ਓ-6 ਅਤੇ ਪੰਜਾਬ ਵਾਈਟ ਕਿਸਮਾਂ ਬੀਜੋ। ਪਨੀਰੀ ਅਤੇ ਖੇਤ ਦੀ ਅਨੁਪਾਤ 1:20 ਰੱਖੋ। ਸਾਉਣੀ ਦੀ ਫ਼ਸਲ ਨੂੰ ਹਫਤੇ ਪਿੱਛੋਂ ਪਾਣੀ ਦਿੰਦੇ ਰਹੋ। ਜੇਕਰ ਬੀਜ ਬਨਾਉਣਾ ਹੈ ਤਾਂ ਗੰਢੇ ਬੀਜ ਦਿਉ।

### ਗੋਭੀ

*ਬੰਦ ਗੋਭੀ 60-45 ਸੈਂ. ਮੀ, ਚੀਨੀ ਗੋਭੀ 30-30 ਸੈਂ. ਮੀ. ਅਤੇ ਫੁੱਲ ਗੋਭੀ 45-30 ਸੈਂ. ਮੀ. ਅਤੇ ਬਰੋਕਲੀ 45-45 ਦੀ ਵਿੱਥ ਤੇ 4 ਤੋਂ 6 ਹਫਤੇ ਪੁਰਾਣੀ ਪੁੱਕ ਕੇ ਲਗਾਉਣੀ ਸ਼ੁਰੂ ਕਰ ਦਿਉ। ਹਫਤੇ-ਹਫਤੇ ਬਾਅਦ ਪਾਣੀ ਦਿੰਦੇ ਰਹੋ। ਜਿੱਥੇ ਬੂਟੇ ਮਰ ਗਏ ਹਨ, ਦੁਬਾਰਾ ਲਗਾ ਕੇ ਪਾਣੀ ਦੇ ਦਿਉ ਤਾਂ ਚੰਗੀ ਫਸਲ ਮਿਲੇ। ਬੀਜ ਬਣਾਉਣ ਲਈ ਵਧੀਆ ਫੁੱਲਗੋਭੀ ਦੇ ਬੂਟੇ ਜੜ੍ਹਾਂ ਸਮੇਤ ਗਾਚੀ ਪੁੱਟ ਕੇ 60]45 ਸੈ.ਮੀ. ਦੇ ਫਾਸਲੇ ਤੇ ਲਗਾ ਦਿਓ।*



### ਮਟਰ

*ਅਕਤੂਬਰ ਦੇ ਪਹਿਲੇ ਪੰਦਰਵਾੜੇ ਵਿਚ ਮਟਰ ਅਗੇਤਾ-7, ਮਟਰ ਅਗੇਤਾ-6 ਅਤੇ ਅਰਕਲ ਦੀ ਬਿਜਾਈ ਸ਼ੁਰੂ ਕਰ ਦਿਉ। ਅੱਧ ਅਕਤੂਬਰ ਤੋਂ ਮਟਰਾਂ ਦੀਆਂ ਕਿਸਮਾਂ ਪੰਜਾਬ-89 ਅਤੇ ਮਿੱਠੀ ਫ਼ਲੀ ਦੀ ਬਿਜਾਈ 30-10 ਸੈ.ਮੀ. ਦੇ ਫਾਸਲੇ ਤੇ ਕਰੋ। 45 ਕਿਲੋ ਯੂਰੀਆ, 155 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਓ। ਮਟਰਾਂ ਦੇ ਉਖੇੜਾ ਰੋਗ ਨੂੰ ਰੋਕਣ ਲਈ ਬੀਜ ਨੂੰ ਬੀਜਣ ਤੋਂ ਪਹਿਲਾ ਇੱਕ ਗ੍ਰਾਮ ਬਾਵਿਸਟਨ ਜਾਂ 2 ਗ੍ਰਾਮ ਕੈਪਟਾਨ ਜਾਂ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸਨ 15 ਗ੍ਰਾਮ+1ਗ੍ਰਾਮ ਕੈਪਟਾਨ ਪ੍ਰਤੀ ਕਿਲੋ ਬੀਜ ਨਾਲ ਸੋਧੋ। ਤਣੇ ਦੀ ਮੱਖੀ ਦੀ ਰੋਕਥਾਮ ਲਈ 3 ਕਿਲੋ ਥਿਮਟ 10 ਜੀ (ਫੋਰੇਟ) ਜਾਂ 10 ਕਿਲੋ ਫੁਰਾਡਾਨ 3 ਜੀ (ਕਾਰਬੋਫੂਰਾਨ) ਪ੍ਰਤੀ ਏਕੜ ਬਿਜਾਈ ਸਮੇਂ ਸਿਆੜਾ ਵਿੱਚ ਪਾਓ। ਦਾਣੇਦਾਰ ਜ਼ਹਿਰਾਂ ਦੀ ਵਰਤੋ ਦਸਤਾਨੇ ਪਹਿਨ ਕੇ ਕਰੋ।*

• ਅਮਨਦੀਪ ਸਿੰਘ ਬਰਾੜ, ਚੰਦਰ ਮੋਹਨ, ਤਰਸੇਮ ਸਿੰਘ ਢਿੱਲੋਂ



## ਡਵੀਜ਼ਨਲ ਕਮਿਸ਼ਨਰ ਵੱਲੋਂ ਐਸ.ਡੀ.ਐਮ ਤੇ ਤਹਿਸੀਲਦਾਰ ਦਫ਼ਤਰਾਂ ਦਾ ਅਚਨਚੇਤ ਨਿਰੀਖਣ

# ਇੰਤਕਾਲ ਤੇ ਤਕਸੀਮ ਸਮੇਤ ਮਾਲ ਮਹਿਕਮੇ ਦੇ ਕੋਰਟ ਕੇਸਾਂ ਦੇ ਸਮਾਂਬੱਧ ਨਿਪਟਾਰੇ ਨੂੰ ਯਕੀਨੀ ਬਣਾਇਆ ਜਾਵੇ : ਬੁਬਲਾਨੀ

**ਮਲੇਰਕੋਟਲਾ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੇ ਅੱਜ ਮਾਲੇਰਕੋਟਲਾ ਦੇ ਐਸਡੀਐਮ ਅਤੇ ਤਹਿਸੀਲਦਾਰ ਦਫ਼ਤਰਾਂ ਦਾ ਅਚਨਚੇਤ ਨਿਰੀਖਣ ਕਰਨ ਪੁਜੇ। ਇਸ ਮੌਕੇ ਦਫ਼ਤਰ ਡਿਪਟੀ ਕਮਿਸ਼ਨਰ ਮਾਲੇਰਕੋਟਲਾ ਵਿਖੇ ਪੁਹੰਚਣ ਤੇ ਪੰਜਾਬ ਪੁਲਿਸ ਦੇ ਜਵਾਨਾਂ ਵਲੋਂ ਗਰਾਡ ਆਫ਼ ਆਨਰ ਦਿੱਤਾ ਗਿਆ।

ਇਸ ਮੌਕੇ ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ, ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ, ਸਹਾਇਕ ਕਮਿਸ਼ਨਰ ਰਾਕੇਸ ਕੁਮਾਰ ਗਰਗ, ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਕੌਰ ਤੋਂ ਇਲਾਵਾ ਵੱਖ ਵੱਖ ਸ਼ਾਖਾਵਾਂ ਦੇ ਮੁੱਖੀ ਮੌਜੂਦ ਸਨ।

ਉਨ੍ਹਾਂ ਇਸ ਉਪਰੰਤ ਐਸ.ਡੀ.ਐਮ ਗੁਰਮੀਤ ਕੁਮਾਰ ਬਾਂਸਲ ਅਤੇ ਤਹਿਸੀਲਦਾਰ ਰਿੱਤੂ ਗੁਪਤਾ, ਨਾਇਬ ਤਹਿਸ਼ੀਲਦਾਰ ਸੁਖਵਿੰਦਰ ਸਿੰਘ, ਨਾਇਬ ਤਹਿਸ਼ੀਲਦਾਰ ਅਮਰਗੜ੍ਹ ਲਵਦੀਪ ਸਿੰਘ ਤੋਂ ਉਨ੍ਹਾਂ ਵੱਲੋਂ ਨਿਪਟਾਏ ਜਾਂਦੇ ਅਦਾਲਤੀ ਮਾਮਲਿਆਂ ਸਮੇਤ ਲੋਕਾਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਮਾਲ ਵਿਭਾਗ ਨਾਲ ਸਬੰਧਤ ਸੇਵਾਵਾਂ ਦਾ ਮੁਲਕੰਣ ਕੀਤਾ।

ਲੰਬਿਤ ਮਾਮਲਿਆਂ ਦੇ ਤੁਰੰਤ ਨਿਪਟਾਰੇ ਲਈ ਨਿਰਦੇਸ਼ ਦਿੰਦਿਆਂ ਡਵੀਜ਼ਨਲ ਕਮਿਸ਼ਨਰ ਨੇ ਮਾਲ ਅਦਾਲਤਾਂ ਵਿੱਚ ਸਾਲਾਂ ਤੋਂ ਚੱਲ ਰਹੇ ਕੇਸਾਂ ਦਾ ਗੰਭੀਰ ਨੋਟਿਸ ਲੈਂਦੇ ਹੋਏ, ਕਿਹਾ ਕਿ ਜ਼ਮੀਨ ਦੀ ਵੰਡ, ਨਿਸ਼ਾਨਦੇਹੀ, ਮਾਪ, ਖਸਰਾ-ਗਿਰਦਾਵਰੀ, ਨੰਬਰਦਾਰੀ, ਚੌਕੀਦਾਰੀ ਅਤੇ ਇੰਤਕਾਲ ਵਰਗੇ ਸਾਰੇ ਮਾਲ



ਮਾਮਲਿਆਂ ਦਾ ਨਿਪਟਾਰਾ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਕੀਤਾ ਜਾਵੇ। ਉਨ੍ਹਾਂ ਸਖ਼ਤੀ ਨਾਲ ਆਖਿਆ ਕਿ ਬੇਲੋੜੀ ਦੇਰੀ ਦੀ ਸੂਰਤ ਵਿੱਚ ਸਬੰਧਤ ਅਧਿਕਾਰੀ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ।

ਇਸ ਮੌਕੇ ਵਿਨੈ ਬੁਬਲਾਨੀ ਨੇ ਆਪਣੇ ਨਿਰੀਖਣ ਦੌਰਾਨ ਰਿਕਾਰਡ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਨੂੰ ਪਾਰਦਰਸ਼ਤਾ ਨਾਲ ਸਮੇਂ ਸਿਰ ਕੰਮ ਕਰਨ ਦੇ ਸਪੱਸ਼ਟ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀ ਤਰਜੀਹ ਲੋਕਾਂ ਨੂੰ ਸਰਕਾਰੀ ਸੇਵਾਵਾਂ ਸਮੇਂ ਸਿਰ ਅਤੇ ਬਿਨਾਂ ਕਿਸੇ ਰੁਕਾਵਟ ਦੇ ਪਾਰਦਰਸ਼ੀ ਢੰਗ ਨਾਲ ਪ੍ਰਦਾਨ ਕਰਨਾ ਹੈ, ਇਸ ਕੰਮ ਵਿੱਚ ਲਾਪਰਵਾਹੀ ਕਰਨ ਵਾਲੇ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਵਿਨੈ ਬੁਬਲਾਨੀ ਨੇ ਐਸ.ਡੀ.ਐਮ ਤੇ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਉਹ ਆਪਣੇ ਅਧੀਨ ਦਫ਼ਤਰਾਂ ਦਾ ਨਿਰੀਖਣ ਕਰਨ ਅਤੇ ਰਿਪੋਰਟ ਡਿਵੀਜ਼ਨਲ ਕਮਿਸ਼ਨਰ ਦਫ਼ਤਰ ਨੂੰ ਭੇਜੀ ਜਾਵੇ। ਉਨ੍ਹਾਂ ਕਿਹਾ ਕਿ ਐਸ.ਡੀ.ਐਮ ਖੁਦ ਤਹਿਸੀਲਦਾਰ, ਨਾਇਬ ਤਹਿਸੀਲਦਾਰ ਅਤੇ ਕਾਨੂੰਨਗੋ ਦਫ਼ਤਰਾਂ ਦਾ ਨਿਯਮਿਤ ਤੌਰ 'ਤੇ ਨਿਰੀਖਣ ਕਰਨ।

ਡਵੀਜਨਲ ਕਮਿਸ਼ਨਰ ਵਿਨੇ ਬੁਬਲਾਨੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ, ਉਹ ਡਿਵੀਜ਼ਨ ਦੀਆਂ ਸਾਰੀਆਂ ਸਬ-ਡਵੀਜ਼ਨਾਂ ਦਾ ਦੌਰਾ ਕਰ ਰਹੇ ਹਨ ਤਾਂ ਜੋ ਲੋਕਾਂ ਨੂੰ ਪਾਰਦਰਸ਼ੀ ਪ੍ਰਸ਼ਾਸਕੀ ਸੇਵਾਵਾਂ ਯਕੀਨੀ ਬਣਾਈਆਂ ਜਾ ਸਕਣ। ਉਨ੍ਹਾਂ ਦੁਹਰਾਇਆ ਕਿ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਲਈ ਸਬੰਧਤਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਪ੍ਰਸਾਸ਼ਨਿਕ ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇਗੀ।

## 8 ਨਵੰਬਰ ਨੂੰ ਆਈ.ਟੀ.ਆਈ ਬਟਾਲਾ ਦੀ ਗਰਾਊਂਡ ਵਿਖੇ ਹੋਵੇਗਾ ਲਾਈਟ ਐਂਡ ਸਾਊਂਡ ਸ਼ੋਅ: ਵਿਧਾਇਕ ਸ਼ੈਰੀ ਕਲਸੀ

**ਬਟਾਲਾ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ 8 ਨਵੰਬਰ ਦੀ ਸ਼ਾਮ ਨੂੰ ਬਟਾਲਾ ਦੀ ਆਈ.ਟੀ.ਆਈ ਗਰਾਊਂਡ ਵਿਖੇ ਕਰਵਾਏ ਜਾ ਰਹੇ ਲਾਈਟ ਐਂਡ ਸਾਊਂਡ ਸ਼ੋਅ ਰਾਹੀਂ ਸੰਗਤ ਨੂੰ ਨੌਵੇਂ ਪਾਤਸ਼ਾਹ ਤੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ ਮਹਾਨ ਇਤਿਹਾਸ ਤੋਂ ਜਾਣੂ ਕਰਵਾਇਆ ਜਾਵੇਗਾ।

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਦੱਸਿਆ ਕਿ ਇਹ ਇਤਿਹਾਸਕ ਲਾਈਟ ਐਂਡ ਸਾਊਂਡ ਸ਼ੋਅ ਨੂੰ ਆਪਣੇ ਪਰਿਵਾਰਾਂ ਸਮੇਤ ਜਰੂਰ ਦੇਖਣ ਅਤੇ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਤੋਂ ਜਾਣੂ ਹੋਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਨੇ ਸਮੂਹ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਿਤ ਸ਼ਾਨਦਾਰ ਲਾਈਟ ਐਂਡ ਸਾਊਂਡ ਸ਼ੋਅ ਵਿਚ ਵੱਧ-ਚੜ੍ਹ ਕੇ ਸ਼ਿਰਕਤ ਕਰਨ ਦਾ ਸੱਦਾ ਦਿੰਦਿਆਂ ਦੱਸਿਆ ਕਿ ਲਾਈਟ ਐਂਡ ਸਾਊਂਡ ਸ਼ੋਅ ਦੌਰਾਨ ਡਿਜੀਟਲ ਤਰੀਕੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਵਿਰਾਸਤ, ਸਿੱਖਿਆਵਾਂ ਅਤੇ ਮਹਾਨ ਬਲੀਦਾਨ ਬਾਰੇ ਚਾਨਣਾ ਪਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਸ ਸ਼ਾਨਦਾਰ ਪੇਸ਼ਕਾਰੀ ਨਾਲ ਸੰਗਤਾਂ ਨੂੰ ਅਨੋਖਾ ਅਨੁਭਵ ਹੋਵੇਗਾ, ਜੋ ਗੁਰੂ ਸਾਹਿਬ ਦੇ ਸ਼ਾਂਤੀ, ਸਹਿਣਸ਼ੀਲਤਾ ਅਤੇ ਵਿਸ਼ਵਵਿਆਪੀ ਭਾਈਚਾਰੇ ਨੂੰ ਮਜ਼ਬੂਤ ਕਰਨ ਦੇ ਫਲਸਫ਼ੇ ਨੂੰ ਸੁੰਦਰਤਾ ਨਾਲ ਦਰਸਾਉਂਦੀ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਹ ਸ਼ੋਅ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਾਨਵਤਾ ਅਤੇ ਦਇਆ ਦੇ ਸੰਦੇਸ਼ ਨੂੰ ਸੱਚੀ ਸ਼ਰਧਾਂਜ਼ਲੀ ਹੋਵੇਗੀ।

## ਬੂਟਾ ਸਿੰਘ 'ਤੇ ਟਿੱਪਣੀ ਰਾਹੀਂ ਰਾਜਾ ਵੜਿੰਗ ਨੇ ਆਪਣੀ ਮਨੂਵਾਦੀ ਸੋਚ ਦਾ ਪ੍ਰਗਟਾਵਾ ਕੀਤਾ : ਈ.ਟੀ.ਓ.



**ਚੰਡੀਗੜ੍ਹ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੇ ਸਾਬਕਾ ਗ੍ਰਹਿ ਮੰਤਰੀ ਮਰਹੂਮ ਸਰਦਾਰ ਬੂਟਾ ਸਿੰਘ ਉੱਤੇ ਟਿੱਪਣੀਆਂ ਰਾਹੀਂ ਕਾਂਗਰਸ ਪਾਰਟੀ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣੀ ਮਨੂਵਾਦੀ ਸੋਚ ਦਾ ਪ੍ਰਗਟਾਵਾ ਕੀਤਾ ਹੈ। ਇਹ ਗੱਲ ਅੱਜ ਇੱਥੇ ਜਾਰੀ ਪ੍ਰੈਸ ਨੋਟ ਰਾਹੀਂ ਸ. ਹਰਭਜਨ ਸਿੰਘ ਈ.ਟੀ.ਓ. ਕੈਬਨਿਟ ਮੰਤਰੀ ਨੇ ਆਖੀ।

ਉਨ੍ਹਾਂ ਕਿਹਾ ਕਿ ਰਾਜਾ ਵੜਿੰਗ ਜਿਸ ਨੂੰ ਵੀਡੀਓ ਵਿੱਚ ਪੱਠੇ ਪਾਉਣ ਵਾਲਾ ਦੱਸ ਰਿਹਾ ਹੈ ਉਸ ਦੀ ਵਿੱਦਿਅਕ ਯੋਗਤਾ ਬੀ.ਏ. ਆਨਰਜ, ਐਮ.ਏ. ਅਤੇ ਪੀ.ਐਚ.ਡੀ.ਸੀ. ਅਤੇ ਪੱਤਰਕਾਰੀ ਸਮੇਤ ਵੱਖ ਵੱਖ ਖੇਤਰਾਂ ਵਿੱਚ ਕੰਮ ਕਰਨ ਉਪਰੰਤ 1962 ਵਿੱਚ 25 ਸਾਲ ਦੀ ਉਮਰ ਵਿੱਚ ਮੈਂਬਰ ਪਾਰਲੀਮੈਂਟ ਬਣ ਗਏ ਸਨ।

ਸਰਦਾਰ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਜਿਸ ਤਰ੍ਹਾਂ ਰਾਜਾ ਵੜਿੰਗ ਰੰਗ ਆਧਾਰਤ ਟਿੱਪਣੀ ਕਰ ਰਹੇ ਹਨ ਉਹ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਇਹ ਟਿੱਪਣੀ ਰਾਜਾ ਵੜਿੰਗ ਦੀ ਦੇਸ਼ ਦੀਆਂ ਅਨੂਸੂਚਿਤ ਜਾਤੀਆਂ ਪ੍ਰਤੀ ਸੋਚ ਨੂੰ ਦਰਸਾਉਂਦੀ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਮੁੱਢ ਤੋਂ ਹੀ ਦਲਿਤ ਵਿਰੋਧੀ ਰਹੀ ਹੈ ਅਤੇ ਇਸ ਪਾਰਟੀ ਨੇ ਡਾ. ਬੀ.ਆਰ. ਅੰਬੇਡਕਰ ਜੀ ਦਾ ਵੀ ਸਦਾ ਵਿਰੋਧ ਹੀ ਕੀਤਾ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਵੀ ਦਲਿਤ ਵਿਧਾਇਕ ਨੂੰ ਮੁਖਾਤਿਬ ਹੁੰਦਿਆ ਕਿਹਾ ਸੀ ਕਿ ਇਹ ਕਿਸ ਤਰ੍ਹਾਂ ਦਾ ਮੈਟੀਰਿਅਲ ਵਿਧਾਨ ਸਭਾ ਵਿੱਚ ਆ ਗਿਆ ਹੈ।

ਸਰਦਾਰ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਭਾਰਤ ਦਾ ਅਨੂਸੂਚਿਤ ਜਾਤੀ ਸਮਾਜ ਡਾ. ਬੀ.ਆਰ. ਅੰਬੇਡਕਰ ਦਾ ਸਦਾ ਰਿਣੀ ਰਹੇਗਾ ਜਿਨ੍ਹਾਂ ਨੇ ਸਾਨੂੰ ਸੰਵਿਧਾਨ ਰਾਹੀ ਬਰਾਬਰੀ ਦੇ ਅਧਿਕਾਰ ਦਿੱਤੇ ਨਹੀਂ ਤਾਂ ਰਾਜਾ ਵੜਿੰਗ ਵਰਗੇ ਕਾਂਗਰਸੀ ਆਗੂ ਦਲਿਤਾਂ ਨੂੰ ਉੱਪਰ ਉੱਠਣ ਦਾ ਮੌਕਾ ਨਹੀਂ ਦਿੰਦੇ।

# ਧੁੰਦਾ ਨਾਲੋਂ ਵੀ ਖਤਰਨਾਕ ਬਣਿਆ ਖੇਤਾਂ ਦਾ ਧੂੰਆਂ; ਪਰਾਲੀ ਨੂੰ ਅੱਗ ਲਾਉਣ ਨਾਲ ਹੋ ਰਿਹਾ ਹੈ ਮਨੁੱਖੀ ਜੀਵਨ ਤੇ ਵਾਤਾਵਰਣ ਪ੍ਰਭਾਵਿਤ

**ਘੱਗਾ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਘੱਗਾ ਦੇ ਨਾਲ ਦੇ ਪਿੰਡਾਂ ਵਿੱਚ ਖੇਤਾਂ ਵਿੱਚ ਪਰਾਲੀ ਸਾੜਨ ਦੀ ਪ੍ਰਥਾ ਇੱਕ ਗੰਭੀਰ ਵਾਤਾਵਰਣੀ ਚੁਣੌਤੀ ਬਣ ਚੁੱਕੀ ਹੈ। ਹਰ ਸਾਲ ਜਦ ਕਿਸਾਨ ਫਸਲਾਂ ਦੀ ਕਟਾਈ ਕਰਨ ਤੋਂ ਬਾਅਦ ਅਗਲੀ ਫ਼ਸਲ ਦੀ ਬਿਜਾਈ ਲਈ, ਖੇਤ ਖ਼ਾਲੀ ਕਰਨ ਲਈ ਪਰਾਲੀ ਨੂੰ ਅੱਗ ਲਾਉਂਦੇ ਹਨ, ਤਾਂ ਉਸ ਦਾ ਉੱਠਦਾ ਸੰਘਣਾ ਧੂੰਆਂ ਹਵਾ ਦੀ ਗੁਣਵੱਤਾ ਨੂੰ ਬੇਹੱਦ ਖਰਾਬ ਕਰਦਾ ਹੈ। ਇਹ ਧੂੰਆਂ ਨਾ ਸਿਰਫ਼ ਮਨੁੱਖੀ ਸਿਹਤ ਲਈ ਖਤਰਾ ਬਣਦਾ ਹੈ, ਸਗੋਂ ਸੜਕਾਂ ਕਿਨਾਰੇ ਲੱਗੇ ਪੌਧਿਆਂ ਅਤੇ ਪੰਛੀਆਂ ਦੀ ਜ਼ਿੰਦਗੀ ਉੱਤੇ ਵੀ ਗੰਭੀਰ ਅਸਰ ਪਾਉਂਦਾ ਹੈ।

ਸੜਕਾਂ ਨਾਲ ਲੱਗਦੇ ਖੇਤਾਂ ਵਿੱਚੋਂ ਉੱਠਦਾ ਧੂੰਆਂ ਜਦ ਰਾਹਾਂ 'ਤੇ ਫੈਲ ਜਾਂਦਾ ਹੈ, ਤਾਂ ਆਵਾਜਾਈ ਪ੍ਰਣਾਲੀ ਠੱਪ ਹੋਣ ਦੀ ਸਥਿਤੀ ਬਣ ਜਾਂਦੀ ਹੈ। ਵਾਹਨ ਚਾਲਕਾਂ ਨੂੰ ਅੱਗੇ ਦੇਖਣ ਵਿੱਚ ਮੁਸ਼ਕਲ ਆਉਂਦੀ ਹੈ, ਜਿਸ ਕਾਰਨ



ਹਾਦਸਿਆਂ ਦੀ ਸੰਭਾਵਨਾ ਕਈ ਗੁਣਾ ਵੱਧ ਜਾਂਦੀ ਹੈ। ਪਿਛਲੇ ਸਾਲਾਂ ਵਿੱਚ ਅਜਿਹੀਆਂ ਕਈ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ ਜਿੱਥੇ ਪਰਾਲੀ ਦੇ ਧੂਏ ਕਾਰਨ ਵੱਡੀਆਂ ਸੜਕ ਦੁਰਘਟਨਾਵਾਂ ਹੋਈਆਂ।

ਇਸ ਤੋਂ ਇਲਾਵਾ, ਅੱਗ ਦਾ ਧੂੰਆਂ ਤੇਜ਼ੀ ਨਾਲ ਦਰੱਖਤਾਂ ਅਤੇ ਬੂਟਿਆਂ ਨੂੰ ਪ੍ਰਭਾਵਿਤ ਕਰਦਾ ਹੈ। ਕਈ ਨਵੇਂ ਪੌਧੇ ਸੁੱਕ ਜਾਂਦੇ ਹਨ, ਜਦਕਿ ਵੱਡੇ ਦਰੱਖਤਾਂ ਦੀਆਂ ਟਹਿਣੀਆਂ ਸੜ ਜਾਂਦੀਆਂ ਹਨ। ਦਰੱਖਤਾਂ ਉੱਤੇ ਬਣੇ ਪੰਛੀਆਂ ਦੇ ਆਲਣੇ ਸੜ ਜਾਂਦੇ ਹਨ, ਤੇ ਕਈ ਛੋਟੇ ਪੰਛੀ ਜੋ ਹਜੇ ਉੱਡਣਾ ਵੀ ਨਹੀਂ ਜਾਣਦੇ ਇਸ ਧੂਏ ਤੇ ਅੱਗ ਦਾ ਸ਼ਿਕਾਰ ਬਣ ਜਾਂਦੇ ਹਨ। ਇਹ ਦ੍ਰਿਸ਼ ਵਾਤਾਵਰਣ ਲਈ ਇੱਕ ਮੌਨ ਚੇਤਾਵਨੀ ਹੈ।

ਵਿਗਿਆਨੀਆਂ ਦਾ ਮੰਨਣਾ ਹੈ ਕਿ ਪਰਾਲੀ ਦੇ ਧੂਏ ਵਿੱਚ ਮੌਜੂਦ ਬਾਰੀਕ ਕਣ (ਪੀ ਐੱਮ 2.5 ਅਤੇ ਪੀ ਐੱਮ 10) ਸਾਹ ਦੀਆਂ ਬਿਮਾਰੀਆਂ, ਖੰਘ, ਦਮਾ ਅਤੇ ਅੱਖਾਂ ਵਿੱਚ ਜਲਣ ਵਰਗੀਆਂ ਸਮੱਸਿਆਵਾਂ ਦਾ ਕਾਰਨ ਬਣਦੇ ਹਨ। ਲੋਕਾਂ ਨੂੰ ਸਫਰ ਕਰਨਾ ਇਨਾ ਮੁਸ਼ਕਿਲ ਹੋ ਗਿਆ ਹੈ ਕਿ ਲੋਕ ਆਪਣੇ ਘਰ ਅੱਖਾਂ ਮਲਦੇ ਹੀ ਪਹੁੰਚਦੇ ਹਨ। ਇੰਨੀ ਜ਼ਿਆਦਾ ਮਾਤਰਾ ਵਿੱਚ ਵਾਤਾਵਰਨ ਵਿੱਚ ਘੁਲਿਆ ਧੂੰਆਂ ਸੂਰਜ ਨੂੰ ਵੀ ਇਸ ਹੱਦ ਤੱਕ ਢੱਕ ਲੈਂਦਾ ਹੈ ਕਿ ਦਿਨ ਸਮੇਂ ਹੀ ਹਨੇਰਾ ਹੋਇਆ ਜਾਪਦਾ ਹੈ ਲੋਕਾਂ ਦਾ ਆਪਣੇ ਵਾਹਨਾਂ ਦੀਆਂ ਹੈਡਲਾਈਟਾਂ ਦਾ ਸਹਾਰਾ ਲੈ ਕੇ ਵੀ ਸਫਰ ਕਰਨਾ ਸੁਰੱਖਿਅਤ ਨਹੀਂ ਹੈ ਅਤੇ ਰਾਤ ਦੇ ਸਮੇਂ ਦਾ ਸਫ਼ਰ ਹੋਰ ਵੀ ਖ਼ਤਰਨਾਕ ਹੋ ਜਾਂਦਾ ਹੈ। ਕਈ ਵਾਰ ਇਹ ਧੂਆਂ ਇੰਨਾ ਸੰਘਣਾ ਹੋ ਜਾਂਦਾ ਹੈ ਕਿ ਇਹ ਸਰਦੀਆਂ ਦੀ ਧੁੰਦ ਨਾਲੋਂ ਵੀ ਵੱਧ ਖਤਰਨਾਕ ਸਾਬਤ ਹੁੰਦਾ ਹੈ।

ਵਾਤਾਵਰਣ ਵਿਗਿਆਨੀ ਅਤੇ ਸਿਹਤ ਵਿਭਾਗ ਦੇ ਅਧਿਕਾਰੀ ਲੋਕਾਂ ਨੂੰ ਸਾਵਧਾਨ ਕਰ ਰਹੇ ਹਨ ਕਿ ਪਰਾਲੀ ਸਾੜਨ ਦੀ ਥਾਂ ਇਸਦਾ ਪ੍ਰਬੰਧਕ ਹੱਲ ਲੱਭਿਆ ਜਾਵੇ। ਜਿਵੇਂ ਕਿ ਹੈਪੀ ਸੀਡਰ ਮਸ਼ੀਨ, ਮਲਚਿੰਗ ਪ੍ਰਣਾਲੀ ਜਾਂ ਖਾਦ ਬਣਾਉਣ ਲਈ ਇਸਦੀ ਵਰਤੋਂ। ਸਰਕਾਰ ਵੱਲੋਂ ਵੀ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ, ਪਰ ਇਹ ਤਦ ਹੀ ਸਫਲ ਹੋ ਸਕਦੀਆਂ ਹਨ ਜਦੋਂ ਕਿਸਾਨ ਇਸ ਨੂੰ ਆਪਣਾ ਸਮਝ ਕੇ ਹਿੱਸਾ ਲੈਣ।

## ਯੁੱਧ ਨਸ਼ਿਆਂ ਵਿਰੁੱਧ' ਦੇ 248ਵੇਂ ਦਿਨ ਪੰਜਾਬ ਪੁਲਿਸ ਵੱਲੋਂ 2 ਕਿਲੋ ਹੈਰੋਇਨ ਸਮੇਤ 83 ਨਸ਼ਾ ਤਸਕਰ ਕਾਬੂ

**ਚੰਡੀਗੜ੍ਹ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੇ ਗਏ ਯੁੱਧ ਨਸ਼ਿਆਂ ਵਿਰੁੱਧ ਦੇ 248ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 253 ਥਾਵਾਂ @ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 66 ਐਫਆਈਆਰਜ਼ ਦਰਜ ਕਰਕੇ 83 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 248 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 35,225 ਹੋ ਗਈ ਹੈ।

ਇਹਨਾਂ ਛਾਪਿਆਂ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 2.02 ਕਿਲੋ ਹੈਰੋਇਨ, 2 ਕੁਇੰਟਲ ਭੁੱਕੀ, 1015 ਨਸ਼ੀਲੀਆਂ ਗੋਲੀਆਂ ਅਤੇ 34,230 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਇਸ ਆਪ੍ਰੇਸ਼ਨ ਦੌਰਾਨ 50 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 800 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 100 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 253 ਥਾਵਾਂ @ਤੇ ਛਾਪੇਮਾਰੀ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 265 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 19 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

ਰਾਈਸ ਮਿੱਲਰਜ਼ ਐਸੋਸੀਏਸ਼ਨ ਦੇ ਇੱਕ ਵਫ਼ਦ ਨੇ ਐਫਸੀਆਈ ਪੰਜਾਬ ਦੇ ਚੇਅਰਮੈਨ, ਐਮਪੀ ਸ਼ੇਰ ਸਿੰਘ ਘੁਬਾਇਆ ਨਾਲ ਮੁਲਾਕਾਤ ਕੀਤੀ

# ਡਾ. ਬਲਜੀਤ ਕੌਰ ਵੱਲੋਂ ਮਲੋਟ ਤੋਂ ਸ਼ੁਰੂ ਕੀਤੀ ਰਾਜ ਪੱਧਰੀ ਮਹਿਲਾ ਸਿਹਤ ਤੇ ਰੋਜ਼ਗਾਰ ਕੈਂਪ ਲੜੀ

## ਮਾਨ ਸਰਕਾਰ ਦਾ ਮਹਿਲਾਵਾਂ ਨੂੰ ਸਸ਼ਕਤ ਕਰਨ ਵੱਲ ਵੱਡਾ ਕਦਮ-295 ਚੁਣੀਆਂ ਗਈਆਂ, 72 ਨੂੰ ਥਾਂ 'ਤੇ ਹੀ ਨੌਕਰੀ ਦੇ ਪੱਤਰ ਜਾਰੀ

**ਚੰਡੀਗੜ੍ਹ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ.ਬਲਜੀਤ ਕੌਰ ਨੇ ਮੰਗਲਵਾਰ ਨੂੰ ਕੇ.ਜੀ. ਰਿਜ਼ੋਰਟਸ ਤੋਂ ਇੱਕ ਮੈਗਾ ਜਾਗਰੂਕਤਾ ਕੈਂਪ ਦਾ ਉਦਘਾਟਨ ਕਰਕੇ ਔਰਤਾਂ ਲਈ ਸਿਹਤ ਜਾਂਚ ਅਤੇ ਰੁਜ਼ਗਾਰ ਕੈਂਪਾਂ ਦੀ ਸੂਬਾ ਪੱਧਰੀ ਲੜੀ ਦਾ ਆਗਾਜ਼ ਕੀਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਅੱਜ ਮਲੋਟ ਤੋਂ ਸ਼ੁਰੂ ਹੋਏ ਇਸ ਕੈਂਪ ਦੀ ਤਰਜ਼ 'ਤੇ ਪੰਜਾਬ ਭਰ ਵਿੱਚ ਔਰਤਾਂ ਨੂੰ ਸਿਹਤ, ਸਫਾਈ ਅਤੇ ਰੁਜ਼ਗਾਰ ਦੇ ਮੌਕਿਆਂ ਬਾਰੇ ਜਾਗਰੂਕ ਕਰਨ ਲਈ ਕੈਂਪ ਲਗਾਏ ਜਾਣਗੇ।

ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਇਨ੍ਹਾਂ ਕੈਂਪਾਂ ਵਿੱਚ ਮਹਿਲਾ ਅਤੇ ਬਾਲ ਵਿਕਾਸ ਅਤੇ ਸਮਾਜਿਕ ਸੁਰੱਖਿਆ ਵਿਭਾਗਾਂ ਤੋਂ ਇਲਾਵਾ ਲੋੜਵੰਦਾਂ ਲਈ ਰੁਜ਼ਗਾਰ ਪੈਦਾ ਕਰਨ, ਹੁਨਰ ਵਿਕਾਸ, ਸਿਹਤ ਅਤੇ ਪਰਿਵਾਰ ਭਲਾਈ, ਪੇਂਡੂ ਵਿਕਾਸ ਅਤੇ ਸਥਾਨਕ ਸਰਕਾਰਾਂ ਵਿਭਾਗਾਂ ਦੀਆਂ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਸੇਵਾਵਾਂ ਵਿੱਚ ਆਰਥੋ, ਗਾਇਨੀਕੋਲੋਜੀ, ਅੱਖਾਂ, ਈ.ਐਨ.ਟੀ. ਦੀ ਮੁਫ਼ਤ ਸਕ੍ਰੀਨਿੰਗ, ਬਲੱਡ ਪ੍ਰੈਸ਼ਰ ਦੇ ਚੈਕਅਪ, ਸ਼ੂਗਰ ਟੈਸਟ, ਅਨੀਮੀਆ ਦੀ ਜਾਂਚ ਅਤੇ ਦਵਾਈਆਂ ਦੀ ਵੰਡ ਸ਼ਾਮਲ ਹੋਵੇਗੀ। ਇਨ੍ਹਾਂ ਕੈਂਪ ਵਿੱਚ ਔਰਤਾਂ ਨੂੰ ਉਨ੍ਹਾਂ ਦੇ ਕਾਨੂੰਨੀ ਅਧਿਕਾਰਾਂ ਤੋਂ



ਇਲਾਵਾ ਗਰਭ ਨਿਰੋਧਕ ਤਰੀਕਿਆਂ, ਪਰਿਵਾਰ ਨਿਯੋਜਨ, ਯੂਰੀਨਰ ਟਰੈਕਟ ਇਨਫੈਕਸ਼ਨ (ਯੂਟੀਆਈ), ਮਾਹਵਾਰੀ ਦੌਰਾਨ ਸਵੱਛਤਾ ਅਤੇ ਕਿਸ਼ੋਰ ਅਵਸਥਾ ਦੀ ਸਿਹਤ ਬਾਰੇ ਵੀ ਜਾਗਰੂਕ ਕੀਤਾ ਜਾਵੇਗਾ।

ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਕੈਂਪ ਔਰਤਾਂ ਵੱਲੋਂ ਚਲਾਏ ਜਾ ਰਹੇ ਸਵੈ-ਸਹਾਇਤਾ ਸਮੂਹਾਂ (ਐਸ.ਐਚ.ਜੀ.), ਜੋ ਆਪਣੇ ਉਤਪਾਦਾਂ ਨੂੰ ਪ੍ਰਦਰਸਿ ?ਤ ਕਰਨ ਅਤੇ ਵੇਚਣ ਲਈ ਵਿਸ਼ੇਸ਼ ਤੌਰ 'ਤੇ ਕੰਮ ਕਰਦੇ ਹਨ, ਲਈ ਪਲੇਟਫਾਰਮ ਵੀ ਬਣਨਗੇ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਔਰਤਾਂ ਨੂੰ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਅਤੇ ਬਿਹਤਰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਕੈਂਪ ਦੌਰਾਨ, ਲਗਭਗ 500 ਕੁੜੀਆਂ ਨੇ ਜ਼ਿਲ੍ਹਾ ਰੁਜ਼ਗਾਰ ਅਤੇ ਉੱਦਮ ਬਿਊਰੋ ਦੇ ਹੈਲਪ ਡੈਸਕ 'ਤੇ ਆਪਣੇ ਆਪ ਨੂੰ ਰਜਿਸਟਰ ਕੀਤਾ, ਜਿਨ੍ਹਾਂ ਵਿੱਚੋਂ 295 ਦੀ ਚੋਣ ਹੋਈ ਅਤੇ 72 ਤੋਂ ਵੱਧ ਨੂੰ ਮੌਕੇ 'ਤੇ ਹੀ ਪੇਸ਼ਕਸ਼ ਪੱਤਰ ਸੌਂਪੇ ਗਏ। ਜ਼ਿਕਰਯੋਗ ਹੈ ਕਿ ਇਸ ਮੈਗਾ ਜੋਬ ਫੇਅਰ ਵਿੱਚ 16 ਕੰਪਨੀਆਂ ਵੱਲੋਂ ਹਿੱਸਾ ਲਿਆ ਗਿਆ।

ਇਸ ਤੋਂ ਇਲਾਵਾ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੀਆਂ ਹੋਣਹਾਰ ਵਿਦਿਆਰਥਣਾਂ ਨੂੰ ਵੀ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਐਸ.ਡੀ.ਐਮ. ਮਲੋਟ ਜਗਰਾਜ ਸਿੰਘ ਕਾਹਲੋਂ, ਡੀ.ਪੀ.ਓ. ਰਤਨਦੀਪ ਕੌਰ ਸੰਧੂ, ਡੀਈਜੀਟੀਓ ਵੈਸ਼ਾਲੀ ਵਧਵਾ, ਸੀ.ਡੀ.ਪੀ.ਓ. ਰਾਜਵੰਤ ਕੌਰ, ਡੀ.ਸੀ.ਪੀ.ਓ. ਸਿ ?ਵਾਨੀ ਨਾਗਪਾਲ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੀ ਹਾਜ਼ਰ ਸਨ

# ਕੇਵੀਆਈਸੀ ਚੰਡੀਗੜ੍ਹ ਵਿੱਚ ਲਾਗਤ ਅਤੇ ਗੁਣਵੱਤਾ ਮੁਕਾਬਲੇਬਾਜ਼ੀ ਵਧਾਉਣ 'ਤੇ ਸਟੇਕਹੋਲਡਰਜ਼ ਕੰਸਲਟੇਸ਼ਨ ਵਰਕਸ਼ਾਪ ਦਾ ਆਯੋਜਨ ਕੀਤਾ

**ਚੰਡੀਗੜ੍ਹ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖਾਦੀ ਅਤੇ ਗ੍ਰਾਮ ਉਦਯੋਗ ਕਮਿਸ਼ਨ (ਕੇਵੀਆਈਸੀ), ਅੰਬਾਲਾ/ਚੰਡੀਗੜ੍ਹ ਦੇ ਦਫ਼ਤਰ ਨੇ ਅੱਜ ਚੰਡੀਗੜ੍ਹ ਵਿਖੇ ÷ਖਾਦੀ ਅਤੇ ਐੱਮਐੱਸਐੱਮਈ ਖੇਤਰ ਵਿੱਚ ਲਾਗਤ ਅਤੇ ਗੁਣਵੱਤਾ ਮੁਕਾਬਲੇਬਾਜ਼ੀ ਵਧਾਉਣ÷ 'ਤੇ ਇੱਕ ਸਟੇਕਹੋਲਡਰਜ਼ ਕੰਸਲਟੇਸ਼ਨ ਵਰਕਸ਼ਾਪ ਦਾ ਆਯੋਜਨ ਕੀਤਾ।

ਵਰਕਸ਼ਾਪ ਵਿੱਚ ਲਗਭਗ 137 ਭਾਗੀਦਾਰਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚ ਸਪਿਨਰ, ਬੁਣਕਰ, ਟ੍ਰੇਨਰ, ਲੇਖਾਕਾਰ, ਖਾਦੀ ਸੰਸਥਾਵਾਂ ਦੇ ਸਕੱਤਰ, ਐਸਐਫਯੂਆਰਟੀਆਈ (ਪਰੰਪਰਾਗਤ ਉਦਯੋਗਾਂ ਦੇ ਪੁਨਰ ਸੁਰਜੀਤੀ ਲਈ ਫੰਡ ਸਕੀਮ) ਕਲੱਸਟਰ ਕਾਰੀਗਰ, ਪੀਐਮਈਜੀਪੀ ਲਾਭਪਾਤਰੀ, ਐਨਜੀਓ ਪ੍ਰਤੀਨਿਧੀ, ਬੈਂਕਰਸ, ਰਾਜ ਪੱਧਰੀ ਬੈਂਕਰਸ ਕਮੇਟੀ



ਦੇ ਮੈਂਬਰ, ਯੂਟੀਐਲਬੀਸੀ, ਅਤੇ ਹੋਰ ਸਬੰਧਤ ਅਧਿਕਾਰੀ ਸ਼ਾਮਲ ਸਨ।

ਆਪਣੇ ਸੰਬੋਧਨ ਵਿੱਚ, ਕੇਵੀਆਈਸੀ, ਅੰਬਾਲਾ/ਚੰਡੀਗੜ੍ਹ ਦੇ ਡਾਇਰੈਕਟਰ ਨੇ ਵਰਕਸ਼ਾਪ ਦੇ ਉਦੇਸ਼ਾਂ ਅਤੇ ਇਸਦੇ ਤਿੰਨ-ਪੱਧਰੀ ਢਾਂਚੇ - ਕਲੱਸਟਰ-ਪੱਧਰੀ ਵਰਕਸ਼ਾਪਾਂ, ਜ਼ੋਨਲ ਕਾਨਫਰੰਸਾਂ ਅਤੇ ਰਾਸ਼ਟਰੀ ਕਾਨਫਰੰਸਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਐੱਮਐੱਸਐੱਮਈ ਅਤੇ ਖਾਦੀ-ਗ੍ਰਾਮ ਉਦਯੋਗ ਇਕਾਈਆਂ ਤੋਂ ਲਾਗਤ ਅਤੇ ਮੁਕਾਬਲੇਬਾਜ਼ੀ ਚੁਣੌਤੀਆਂ 'ਤੇ ਫੀਡਬੈਕ ਇਕੱਠਾ ਕਰਨਾ ਹੈ, ਜਿਸ ਨਾਲ ਉਹ ਵਿਸ਼ਵ ਬਾਜ਼ਾਰ ਵਿੱਚ ਲਚਕੀਲੇ ਅਤੇ ਸਮਰੱਥ ਬਣ ਸਕਣ।

ਮਾਹਿਰ ਬੁਲਾਰਿਆਂ ਨੇ ਕੱਚੇ ਮਾਲ ਦੀ ਗੁਣਵੱਤਾ ਅਤੇ ਮਾਨਿਕੀਕਰਣ, ਉੱਨਤ ਤਕਨਾਲੋਜੀ ਦੀ ਵਰਤੋਂ, ਹੋਰ ਮੰਤਰਾਲਿਆਂ ਦੀਆਂ ਯੋਜਨਾਵਾਂ ਨਾਲ ਤਾਲਮੇਲ, ਅਤੇ ਉਤਪਾਦ ਮੁੱਲ ਨੂੰ ਵਧਾਉਣ ਵਿੱਚ ਪੈਕੇਜਿੰਗ ਦੀ ਭੂਮਿਕਾ ਵਰਗੇ ਵਿਸ਼ਿਆਂ 'ਤੇ ਪੇਸ਼ਕਾਰੀ ਦਿੱਤੀ। ਇਸ ਤੋਂ ਇਲਾਵਾ, ਇੱਕ ਪ੍ਰਸਿੱਧ ਵਿਦੇਸ਼ੀ ਨਿਰਯਾਤਕ ਨੇ ਖਾਦੀ ਦੀ ਵਿਸ਼ਵਵਿਆਪੀ ਮੰਗ ਅਤੇ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਉੱਭਰ ਰਹੇ ਮੌਕਿਆਂ 'ਤੇ ਆਪਣੇ ਤਜ਼ਰਬੇ ਸਾਂਝੇ ਕੀਤੇ।

ਇੰਟਰਐਕਟਿਵ ਸੈਸ਼ਨਾਂ ਵਿੱਚ ਭਾਗੀਦਾਰਾਂ ਦੁਆਰਾ ਦਿੱਤੇ ਗਏ ਸੁਝਾਵਾਂ ਨੂੰ ਨੀਤੀ-ਪੱਧਰ 'ਤੇ ਵਿਚਾਰ ਲਈ ਕੇਵੀਆਈਸੀ ਹੈੱਡਕੁਆਰਟਰ ਅਤੇ ਭਾਰਤ ਸਰਕਾਰ ਦੇ ਐੱਮਐੱਸਐੱਮਈ ਮੰਤਰਾਲੇ ਨੂੰ ਭੇਜਿਆ ਜਾਵੇਗਾ।

ਵਰਕਸ਼ਾਪ ਵਿੱਚ ਮੌਜੂਦ ਮੁੱਖ ਬੁਲਾਰਿਆਂ ਅਤੇ ਪਤਵੰਤਿਆਂ ਵਿੱਚ ਸੁਰੇਸ਼ ਕੁਮਾਰ ਸ਼ਰਮਾ, ਡੀਜੀਐੱਮ, ਯੂਟੀਐਲਬੀਸੀ, ਪੰਜਾਬ ਨੈਸ਼ਨਲ ਬੈਂਕ; ਰਾਜਕਿਰਨ ਜੌਹਰੀ, ਡੀਜੀਐੱਮ, ਨਾਬਾਰਡ; ਡਾ. ਐਨ.ਕੇ. ਪਲਾਨੀਸਾਮੀ, ਐਨਆਈਟੀ ਜਲੰਧਰ; ਪੰਕਜ ਕੁਮਾਰ, ਸਹਾਇਕ ਨਿਰਦੇਸ਼ਕ, ਟੈਕਸਟਾਈਲ ਕਮੇਟੀ, ਲੁਧਿਆਣਾ; ਸ਼੍ਰੀਮਤੀ ਵਿਭਾ ਜੈਨ, ਸੀਓਈਕੇ, ਪੰਚਕੂਲਾ; ਸ਼੍ਰੀਮਤੀ ਰੂਪਾਲੀ ਟੰਡਨ, ਵਧੀਕ ਸੀਈਓ, ਐਨਆਰਐਲਐਮ, ਪੇਂਡੂ ਵਿਕਾਸ ਵਿਭਾਗ, ਪੰਜਾਬ; ਕ੍ਰਿਸ਼ਣ ਕੁਮਾਰ, ਸਹਾਇਕ ਨਿਰਦੇਸ਼ਕ, ਐੱਮਐੱਸਐੱਮਈ 46®, ਲੁਧਿਆਣਾ; ਅਤੇ ਰਾਹੁਲ ਬੀ. ਤਿਰਪੁਡੇ, ਭਾਰਤੀ ਪੈਕੇਜਿੰਗ ਏਜੰਸੀ, ਵਪਾਰ ਅਤੇ ਵਣਜ ਵਿਭਾਗ (ਭਾਰਤ ਸਰਕਾਰ) ਸਮੇਤ ਹੋਰ ਵੀ ਮੌਜੂਦ ਸਨ।

ਪ੍ਰੋਗਰਾਮ ਦਾ ਸਮਾਪਨ KVIC ਅਤੇ ਐੱਮਐੱਸਐੱਮਈ ਮੰਤਰਾਲੇ ਦਾ ਇਸ ਸਹਿਯੋਗੀ ਪਹਿਲਕਦਮੀ ਲਈ ਧੰਨਵਾਦ ਪ੍ਰਗਟ ਕਰਦੇ ਹੋਏ ਧੰਨਵਾਦ ਮਤੇ ਨਾਲ ਵਰਕਸ਼ਾਪ ਦਾ ਸਮਾਪਨ ਹੋਇਆ।

# ਬਾਜਵਾ ਵੱਲੋਂ ਤਰਨਤਾਰਨ ਹਲਕੇ ਦੇ ਵੋਟਰਾਂ ਨੂੰ ਕਾਂਗਰਸ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ




**ਲੁਧਿਆਣਾ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

— ਤਰਨਤਾਰਨ ਵਿਖੇ ਜਿਮਨੀ ਚੋਣ ਲਈ ਬਾਠ ਰੋਡ 'ਤੇ ਹੋਏ ਚੋਣ ਜਲਸੇ ਦੌਰਾਨ ਨੇਤਾ ਵਿਰੋਧੀ ਧਿਰ ਸ. ਜਰਨੈਲ ਪ੍ਰਤਾਪ ਸਿੰਘ ਬਾਜਵਾ ਨੇ ਵੋਟਰਾਂ ਨੂੰ ਸ਼ਾਂਤੀ, ਵਿਕਾਸ ਅਤੇ ਖੁਸ਼ਹਾਲੀ ਲਈ 11 ਨਵੰਬਰ ਨੂੰ ਕਾਂਗਰਸ ਉਮੀਦਵਾਰ ਕਰਨਬੀਰ ਸਿੰਘ ਬੁਰਜ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ।

ਇਹ ਸਮਾਗਮ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਦੇ ਸੰਜੋਗ ਨਾਲ ਆਯੋਜਿਤ ਕੀਤਾ ਗਿਆ, ਜਿਸ ਵਿੱਚ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਜੋਗਿੰਦਰਪਾਲ ਢੀਂਗਰਾ ਸਮੇਤ ਕਈ ਕਾਂਗਰਸੀ ਆਗੂ ਹਾਜ਼ਰ ਸਨ।

ਬਾਜਵਾ ਨੇ ਕਿਹਾ ਕਿ ਤਰਨਤਾਰਨ ਦੇ ਸਮਝਦਾਰ ਵੋਟਰ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲਤਾ ਲਈ ਸਹੀ ਫੈਸਲਾ ਲੈਣਗੇ। ਉਹਨਾਂ ਮੌਜੂਦਾ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਕਿਸਾਨਾਂ ਤੋਂ ਲੈ ਕੇ ਮਜ਼ਦੂਰਾਂ ਅਤੇ ਨੌਜਵਾਨਾਂ ਤੱਕ ਹਰ ਵਰਗ ਤੰਗ ਹੈ।

ਹੁਣ ਸਮਾਂ ਹੈ ਕਿ ਵਿਕਾਸ ਦੀ ਨਵੀਂ ਸ਼ੁਰੂਆਤ ਹੋਵੇ।

ਇਸ ਮੌਕੇ ਬਾਵਾ ਨੇ ਕਿਹਾ ਕਿ ਪਿੱਛੜੇ ਵਰਗਾਂ ਅਤੇ ਬੈਰਾਗੀ ਸਮਾਜ ਨੂੰ ਪਿਛਲੇ ਚਾਰ ਸਾਲਾਂ ਵਿੱਚ ਨਜ਼ਰਅੰਦਾਜ਼ ਕੀਤਾ ਗਿਆ ਹੈ ਅਤੇ ਉਹਨਾਂ ਨੇ ਵੀ ਕਾਂਗਰਸ ਉਮੀਦਵਾਰ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ।

ਸਮਾਗਮ ਵਿੱਚ ਬਾਜਵਾ ਨੂੰ ਸ਼ਾਲ ਅਤੇ ਤਲਵਾਰ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

## ਖਰੜ ਹਲਕੇ ਦੀ ਟੀਮ ਵਲੋਂ ਤਰਨਤਾਰਨ ਉਪ ਚੋਣ ਵਿਚ ਘਰ ਘਰ ਜਾ ਕੀਤਾ ਚੋਣ ਪ੍ਰਚਾਰ : ਹਰਜਿੰਦਰ ਸਿੰਘ ਬਲੌਂਗੀ



**ਖਰੜ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਖਰੜ ਦੀ ਸ੍ਰੋਮਣੀ ਅਕਾਲੀ ਦਲ ਦੀ ਟੀਮ ਵਲੋਂ ਅਕਾਲੀ ਆਗੂ ਹਰਜਿੰਦਰ ਸਿੰਘ ਬਲੌਂਗੀ ਦੀ ਅਗਵਾਈ ਵਿਚ ਤਰਨਤਾਰਨ ਦੀ ਉਪ ਚੋਣ ਵਿਚ ਸ੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦੇ ਹੱਕ ਵਿਚ ਚੋਣ ਪ੍ਰਚਾਰ ਕੀਤਾ। ਉਨ੍ਹਾਂ ਦਸਿਆ ਕਿ ਖਰੜ ਹਲਕੇ ਦੀ ਪੂਰੀ ਟੀਮ ਨੇ ਤਰਨਤਾਰਨ ਪਹੁੰਚ ਕੇ ਵੱਖ-ਵੱਖ ਇਲਾਕਿਆਂ ਵਿੱਚ ਪਾਰਟੀ ਦੀ ਉਮੀਦਵਾਰ ਦੇ ਹੱਥ ਵਿਚ ਘਰ ਘਰ ਜਾ ਕੇ ਪ੍ਰਚਾਰ ਕੀਤਾ ਤੇ ਕਿਹਾ ਕਿ "ਇਸ ਵਾਰੀ ਤਰਨਤਾਰਨ ਤੋਂ ਅਕਾਲੀ ਦਲ ਦੀ ਭਾਰੀ ਜਿੱਤ ਹੋਵੇਗੀ ਕਿਉਕਿ ਇਸ ਹਲਕੇ ਦੇ ਲੋਕ ਚਾਹੁੰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਖੇਤਰੀ ਪਾਰਟੀ ਪਹਿਲਾਂ ਦੀ ਤਰ੍ਹਾਂ ਅੱਗੇ ਆ ਕੇ ਪੰਜਾਬ ਦੀ ਸੇਵਾ ਕਰੇ। ਉਨ੍ਹਾਂ ਅੱਗੇ ਕਿਹਾ ਕਿ ਇਹ ਹਮੇਸ਼ਾ ਹੀ ਆਪਣੇ ਲੋਕਾਂ ਦੇ ਹੱਕ ਦੇ ਵਿੱਚ ਨਿੱਤਰਦੀ ਦੀ ਰਹੀ ਹੈ ਤੇ ਇਸ ਵਾਰ ਆਏ ਭਿਆਨਕ ਹੜ੍ਹ ਕਰਕੇ ਕਿਸਾਨ, ਮਜ਼ਦੂਰ ਤੇ ਹਰੇਕ ਤਬਕੇ ਨੇ ਇਹ ਆਪ ਸਰਕਾਰ ਦੀਆਂ ਨਾਕਾਮੀਆਂ ਨੂੰ ਦੇਖ ਲਿਆ ਹੈ ਜਿਸ ਕਰਨ ਅਕਾਲੀ ਦਲ 'ਤੇ ਭਰੋਸਾ ਜਤਾਉਣ ਦਾ ਮਨ ਬਣਾ ਲਿਆ ਹੈ। ਇਸ ਟੀਮ ਨੇ ਘਰ-ਘਰ ਸੰਪਰਕ ਮੁਹਿੰਮ ਸ਼ੁਰੂ ਕੀਤੀ ਹੋਈ ਅਤੇ ਵੋਟਰਾਂ ਨਾਲ ਸਿੱਧਾ ਸੰਵਾਦ ਕਾਇਮ ਕੀਤਾ ਜਾ ਰਿਹਾ ਹੈ। ਪਾਰਟੀ ਦਾ ਹਰ ਵਰਕਰ ਵਲੋਂ ਇਸ ਚੋਣ ਵਿਚ ਪੂਰੀ ਦ੍ਰਿੜਤਾ ਨਾਲ ਮਿਹਨਤ ਕੀਤੀ ਜਾ ਰਹੀ ਹੈ।

# ਗੁਰਦੁਆਰਾ ਮਾਤਾ ਭਾਗੋ ਜੀ, ਜਨਵਾੜਾ

ਕੁਲਦੀਪ ਸਿੰਘ ਬੰਗੀ



ਮਾਤਾ ਭਾਗੋ ਜੀ ਨੂੰ ਟੁੱਟੀ ਗੰਢਣ ਦਾ ਵਰ ਪ੍ਰਾਪਤ ਹੈ। ਇਤਿਹਾਸ ਵਿਚ ਆਉਂਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਜੰਗ ਵਿਚ ਜਦ ਕੁਝ ਸਿੱਖ ਭੁੱਖ ਅਤੇ ਲੜਾਈ ਤੋਂ ਤੰਗ ਆ ਕੇ ਆਪਣੀਆਂ ਜਾਨਾਂ ਨੂੰ ਪਿਆਰ ਕਰਦਿਆਂ 'ਨਾ ਤੂੰ ਸਾਡਾ ਗੁਰੂ, ਨਾ ਅਸੀਂ ਤੇਰੇ ਸਿੱਖ' ਕਹਿ ਕੇ ਦਸਮ ਪਿਤਾ ਨੂੰ ਅਨੰਦਪੁਰ ਵਿਖੇ ਬੇਦਾਵਾ ਲਿਖ ਕੇ ਆਪਣੇ ਘਰਾਂ ਨੂੰ ਪਰਤ ਆਏ ਸਨ ਤਾਂ ਇਹੀ ਮਾਤਾ ਭਾਗੋ ਸੀ, ਜਿਸ ਨੇ ਉਨ੍ਹਾਂ ਸਿੱਖਾਂ ਨੂੰ ਚੂੜੀਆਂ ਪਾ ਕੇ ਘਰੀਂ ਬਹਿਣ ਦਾ ਮਿਹਣਾ ਦੇ ਕੇ ਲਾਹਨਤ ਪਾਈ ਸੀ। ਮਾਤਾ ਜੀ ਦਾ ਤਰਕਮਈ ਬੋਲ ਸੁਣ ਕੇ ਬੇਦਾਵਈਏ, ਫਿਰ ਗੁਰੂ ਜੀ ਦੀ ਸੇਵਾ ਵਿਚ ਮੁਕਤਸਰ ਦੀ ਜੰਗ ਵਿਚ ਚਲੇ ਗਏ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਸ ਜੰਗ ਵਿਚ ਮਾਤਾ ਭਾਗੋ ਜੀ ਨੇ ਮਰਦਾਵਾਂ ਬਾਣਾ ਪਹਿਨ ਕੇ ਘੋੜੇ 'ਤੇ ਸਵਾਰ ਹੋ ਕੇ ਸਿੰਘਾਂ ਨਾਲ ਰਲ ਖ਼ੂਬ ਜੌਹਰ ਵਿਖਾਏ। ਮਾਤਾ ਜੀ ਦੀ ਇਸ ਵੀਰਤਾ ਦੀ ਖ਼ਬਰ ਸੁਣ ਕੇ ਗੁਰੂ ਜੀ ਅਤਿ ਪ੍ਰਸੰਨ ਹੋਏ ਅਤੇ ਅੰਮ੍ਰਿਤ ਛਕਾ ਕੇ ਭਾਗ ਕੌਰ ਨਾਮ ਦਿੱਤਾ।

ਗੁਰੂ ਜੀ ਦੇ ਦੱਖਣ ਆਗਮਨ 'ਤੇ ਮਾਤਾ ਜੀ ਵੀ ਗੁਰੂ ਜੀ ਦੇ ਨਾਲ ਹੀ ਨਾਂਦੇੜ ਦੀ ਪਾਵਨ ਧਰਤੀ 'ਤੇ ਪੁੱਜ ਗਏ। ਦਸਮ ਪਿਤਾ ਜੀ ਦੇ ਸੱਚਖੰਡ ਗਮਨ ਉਪਰੰਤ ਮਾਤਾ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਬਿਦਰ (ਕਰਨਾਟਕ) ਦੇ ਨਜ਼ਦੀਕ ਹੀ ਪੈਂਦੇ ਪਿੰਡ ਜਨਵਾੜਾ ਵਿਖੇ ਡੇਰਾ ਲਗਾਇਆ। ਕੁਝ ਸਮਾਂ ਇਸ ਜਨਵਾੜੇ ਦੀ ਗੜ੍ਹੀ ਵਿਚ ਮਾਈ ਭਾਗੋ ਜੀ ਨੇ ਸਿੱਖੀ ਦਾ ਪ੍ਰਚਾਰ ਕੀਤਾ। ਮਾਤਾ ਭਾਗੋ ਜੀ ਦੀਆਂ ਸਿੱਖੀ ਪ੍ਰਤੀ ਕੀਤੀਆਂ ਕੋਸ਼ਿਸ਼ਾਂ ਸਦਕਾ ਨਤੀਜਾ ਇਹ ਹੋਇਆ ਕਿ ਦਸਮ ਪਿਤਾ ਨੇ ਬਖਸ਼ਿਸ਼ਾਂ ਦੇ, ਘਰ ਆ ਕੇ ਬੇਦਾਵਾ ਪਾੜ ਦਿੱਤਾ। ਉਹ ਸਿੱਖ ਚਾਲੀ ਮੁਕਤੇ ਅਖਵਾਏ। ਮਾਈ ਭਾਗੋ ਜੀ ਸਿੱਖੀ ਪ੍ਰਚਾਰ ਕਰਦੇ ਕਰਦੇ ਜਨਵਾੜੇ ਦੀ ਧਰਤੀ ਉੱਤੇ ਰੁਸਤਮ ਰਾਓ ਬਾਲਾ ਰਾਓ ਦੇ ਗ੍ਰਹਿ ਵਿਖੇ ਗੁਰਪੁਰੀ ਸਿਧਾਰ ਗਏ ਸਨ, ਜਿੱਥੇ ਅੱਜ ਗੁਰਦੁਆਰਾ ਮਾਈ ਭਾਗੋ ਜੀ ਦੇ ਨਾਂ ਨਾਲ ਸੁਸ਼ੋਭਿਤ ਹੈ। ਲੱਖਾਂ ਹੀ ਸ਼ਰਧਾਲੂ ਇਸ ਪਵਿੱਤਰ ਅਸਥਾਨ 'ਤੇ ਨਤਮਸਤਕ ਹੋ ਆਪਣੇ ਧੰਨ ਭਾਗ ਸਮਝਦੇ ਹਨ।

ਮੋਬਾਈਲ 94174-07778

# ਸੰਤ ਕਾ ਸੰਗੁ ਵਡਭਾਗੀ ਪਾਈਐ



ਗੁਰਬਾਣੀ ਵਿਚ ਸੰਤ ਸਾਧ ਅਤੇ ਬ੍ਰਹਮ ਗਿਆਨੀ ਆਦਿ ਵਰਤੇ ਗਏ ਸ਼ਬਦ ਬਹੁਤ ਮਹੱਤਵਪੂਰਨ ਤੇ ਸਤਿਕਾਰਤ ਹਨ। ਇਨ੍ਹਾਂ ਸ਼ਬਦਾਂ ਨਾਲ ਸੰਬੋਧਿਤ ਵਿਅਕਤੀ ਸਮਾਜ ਵਿਚ ਪੂਜਣ ਯੋਗ ਹੋ ਜਾਂਦਾ ਹੈ। ਲੋਕਾਂ ਦਾ ਉਸ ਵਿਅਕਤੀ ਪ੍ਰਤੀ ਪਿਆਰ ਸ਼ਰਧਾ ਤੇ ਸਤਿਕਾਰ ਵਧ ਜਾਂਦਾ ਹੈ। ਗੁਰਬਾਣੀ ਮਨ ਅਤੇ ਆਤਮਾ ਨਾਲ ਸਬੰਧਤ ਹੈ। ਸਿੱਧੇ ਤੌਰ 'ਤੇ ਗੁਰਬਾਣੀ ਦਾ ਸਰੀਰ ਨਾਲ ਸਬੰਧ ਨਹੀਂ ਹੈ। ਇਸੇ ਲਈ ਗੁਰਬਾਣੀ ਨੂੰ ਆਤਮਾ ਦੀ ਖੁਰਾਕ ਕਿਹਾ ਗਿਆ ਹੈ। ਨਾਲ ਹੀ ਗੁਰਬਾਣੀ ਸਰਬਵਿਆਪੀ ਹੈ। ਕਿਸੇ ਖ਼ਾਸ ਧਰਮ, ਦੇਸ਼ ਜਾਂ ਇਲਾਕੇ ਦੇ ਲੋਕਾਂ 'ਤੇ ਲਾਗੂ ਨਹੀਂ ਹੈ ਸਗੋਂ ਵਿਸ਼ਵ ਦੇ ਹਰ ਵਿਅਕਤੀ 'ਤੇ ਲਾਗੂ ਹੈ। ਗੁਰਬਾਣੀ ਇਕ ਸਚਾਈ ਹੈ ਜਿਸ ਨੂੰ ਝੁਠਲਾਇਆ ਨਹੀਂ ਜਾ ਸਕਦਾ ਅਤੇ ਨਾ ਹੀ ਇਸ ਵਿਚ ਘਾਟ ਜਾਂ ਬਾਧ ਕੀਤੀ ਜਾ ਸਕਦੀ ਹੈ।

ਗੁਰਬਾਣੀ ਨੂੰ ਵਿਚਾਰਨ ਦੀ ਲੋੜ ਹੈ। ਇਹ ਸਮਝਣ ਦੀ ਲੋੜ ਹੈ ਕਿ ਅਸੀਂ ਜਿਸ ਵੀ ਤੁੱਕ ਦਾ ਅਰਥ ਜੋ ਕੱਢ ਰਹੇ ਹਾਂ ਕੀ ਉਹ ਗੁਰਬਾਣੀ ਨੂੰ ਵਿਸ਼ਵ ਵਿਆਪੀ ਸਾਬਤ ਕਰਦਾ ਹੈ। ਗੁਰਬਾਣੀ ਦੀ ਇਕਸਾਰਤਾ ਵਿਚ ਤਾਂ ਕੋਈ ਫ਼ਰਕ ਨਹੀਂ ਪਾ ਰਿਹਾ। ਇਸਦੇ ਅਰਥ ਕੱਲ੍ਹ ਵੀ ਸੱਚ ਸਨ ਅੱਜ ਵੀ ਤੇ ਕੱਲ੍ਹ ਨੂੰ ਵੀ ਸੱਚ ਹੀ ਰਹਿਣਗੇ। ਹੁਣ ਅਸੀਂ ਉਪਰੋਕਤ ਸ਼ਬਦਾਂ ਸੰਤ, ਸਾਧੂ ਤੇ ਬ੍ਰਹਮ ਗਿਆਨੀ ਨੂੰ ਵਿਚਾਰਾਂਗੇ। ਇਹ ਦੇਖਣ ਦੀ ਕੋਸ਼ਿਸ਼ ਕਰਾਂਗੇ ਕਿ ਜੋ ਅਰਥ ਅਸੀਂ ਲੈ ਰਹੇ ਹਾਂ ਉਹ ਗੁਰਬਾਣੀ ਦੇ ਆਸੇ 'ਤੇ ਪੂਰੇ ਉਤਰਦੇ ਹਨ। ਜੇ ਨਹੀਂ ਤਾਂ ਸਾਨੂੰ ਮੰਨਣਾ ਪਵੇਗਾ ਕਿ ਸਾਡੇ ਅਰਥ ਠੀਕ ਨਹੀਂ ਹਨ।

ਗੁਰਬਾਣੀ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਿਸੇ ਵਿਅਕਤੀ ਵਿਸ਼ੇਸ਼ ਲਈ ਨਹੀਂ ਕੀਤੀ ਗਈ ਹੈ ਜਿਸ ਤਰ੍ਹਾਂ ਸਮਝਿਆ ਜਾਂਦਾ ਹੈ। ਇਹ ਸ਼ਬਦ ਤਾਂ ਸੱਚੇ ਸੁੱਚੇ ਗੁਣਾਂ ਨਾਲ ਭਰਪੂਰ ਕਿਰਦਾਰ ਲਈ ਵਰਤੇ ਗਏ ਹਨ। ਇਸ ਤਰ੍ਹਾਂ ਦਾ ਕਿਰਦਾਰ ਸਾਨੂੰ ਅਪਣੇ ਅੰਦਰ ਪੈਦਾ ਕਰਨ ਲਈ ਗੁਰੂ ਜੀ ਕਹਿ ਰਹੇ ਹਨ। ਇਨ੍ਹਾਂ ਗੁਣਾਂ ਦੇ ਧਾਰਨੀ ਹੋਣ ਲਈ ਕਿਹਾ ਗਿਆ ਹੈ। ਅਸੀਂ ਆਪ ਹਰਿ ਇਕ ਨੇ ਸੰਤ ਸਾਧੂ ਜਾਂ ਬ੍ਰਹਮ ਗਿਆਨੀ ਬਣਨਾ ਹੈ। ਸਾਨੂੰ ਪਤਾ ਨਹੀਂ ਲੱਗ ਸਕਦਾ ਕਿ ਦੂਜਾ ਵਿਅਕਤੀ ਕੀ ਸੋਚ ਰੱਖਦਾ ਹੈ। ਅਸੀਂ ਉਸ ਦੀ ਦਿੱਖ ਅਤੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਉਸ ਨੂੰ ਰੱਬ ਦਾ ਰੂਪ ਸਮਝਣ ਲੱਗ ਪੈਂਦੇ ਹਾਂ ਤੇ ਨਾਲ ਹੀ ਮੱਥੇ ਟੇਕਣੇ ਸ਼ੁਰੂ ਕਰ ਦਿੰਦੇ ਹਾਂ। ਜੋ ਮਰੇਗਾ ਉਸ ਨੂੰ ਹੀ ਸਵਰਗ ਜਾਣ ਦਾ ਮੌਕਾ ਮਿਲ ਸਕਦਾ ਹੈ ਅਨੁਸਾਰ ਆਪ ਗੁਣਾਂ ਦਾ ਧਾਰਨੀ ਬਣਨਾ ਹੋਵੇਗਾ ਤਾਂ ਉਹ ਗੁਣਾਂ ਦੀ ਸ਼ਾਂਤੀ ਅਤੇ ਸੁੱਖ ਮਾਣ ਸਕੇਗਾ।

ਰੱਬੀ ਗੁਣਾਂ ਵਿਚ ਕਦੇ ਬਦਲਾਅ ਨਹੀਂ ਆਉਂਦਾ। ਇਹ ਆਦਿ ਕਾਲ ਤੋਂ ਸੱਚ ਚਲੇ ਆ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿਚ ਵੀ ਸੱਚ ਹੀ ਰਹਿਣਗੇ। ਗੁਣਾਂ ਨੇ ਕਦੇ ਔਗੁਣਾਂ ਵਿਚ ਤਬਦੀਲ ਨਹੀਂ ਹੋਣਾ। ਪ੍ਰੰਤੂ ਵਿਅਕਤੀ ਵਿਚ ਅੱਜ ਨਹੀਂ ਕੱਲ੍ਹ ਗਿਰਾਵਟ ਦੇਖਣ ਨੂੰ ਮਿਲ ਜਾਂਦੀ ਹੈ। ਜੇ ਵਿਅਕਤੀ ਰੂਪ ਸੰਤ ਮਨ ਵੀ ਲਿਆ ਜਾਵੇ ਤਾਂ ਉਸ ਦਾ ਫ਼ਾਇਦਾ ਉਸ ਨੂੰ ਹੀ ਹੋਵੇਗਾ ਦੂਜੇ ਨੂੰ ਨਹੀਂ। ਸੋ ਹਰ ਇਕ ਨੂੰ ਆਪ ਗੁਣਾਂ ਰੂਪੀ ਸੰਤ ਬਣਨਾ ਹੈ ਤਾਂ ਹੀ ਸ਼ਾਂਤੀ ਅਤੇ ਆਤਮਿਕ ਸੁੱਖ ਦੀ ਆਸ ਕੀਤੀ ਜਾ ਸਕਦੀ ਹੈ। ਸੰਤ ਕਾ ਸੰਗ ਵਡਭਾਗੀ ਪਾਈਐ ਤੋਂ ਭਾਵ ਵਿਅਕਤੀ ਰੂਪੀ ਸੰਤ ਦਾ ਸੰਗ ਨਹੀਂ ਹੈ ਸਗੋਂ ਇਹ ਤਾਂ ਰੱਬੀ ਗੁਣਾਂ ਦੇ ਸੰਗ ਲਈ ਕਿਹਾ ਗਿਆ ਹੈ। ਭਾਵ ਗੁਣਾਂ ਨੂੰ ਧਾਰਨਾ ਹੈ। ਗੁਣਾਂ ਉੱਪਰ ਚੱਲਣਾ ਹੈ। ਦਿੱਖ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ। ਪਹਿਲਾਂ ਵੀ ਚਲਦਾ ਆ ਰਿਹਾ ਹੈ। ਪ੍ਰੰਤੂ ਹੁਣੇ-ਹੁਣੇ ਸੰਤਾਂ ਦੀ ਜੀਵਨ ਸ਼ੈਲੀ ਨੇੜੇ ਤੋਂ ਵੇਖ ਲਈ ਹੈ। ਇਹੋ ਜਿਹੀਆਂ ਘਟੀਆਂ ਹਰਕਤਾਂ ਕਰਨ ਵਾਲੇ ਨੂੰ ਅਸੀਂ ਅੱਖਾਂ ਮੀਟ ਕੇ ਰੱਬ ਦਾ ਰੂਪ ਸਮਝਣ ਲੱਗ ਪੈਂਦੇ ਹਾਂ। ਅਸੀਂ ਵਿਅਕਤੀ ਦੀ ਦਿੱਖ ਅਤੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਉਸ ਨੂੰ ਰੱਬ ਦਾ ਰੂਪ ਸਮਝਣ ਲੱਗ ਪੈਂਦੇ ਹਾਂ। ਅਸਲੀਅਤ ਛੁਪੀ ਹੀ ਰਹਿ ਜਾਂਦੀ ਹੈ। ਲੋੜ ਹੈ ਰੱਬੀ ਗੁਣਾਂ ਨੂੰ ਸਮਝਣ ਦੀ, ਉਨ੍ਹਾਂ ਨੂੰ ਜੀਵਨ ਵਿਚ ਢਾਲਣ ਦੀ, ਨਾ ਕਿ ਅੱਖਾਂ ਮੀਟ ਕੇ ਕਿਸੇ ਦੇ ਮਗਰ ਲੱਗਣ ਦੀ।

ਸੋ ਸੰਤ ਸਾਧੂ ਜਾਂ ਬ੍ਰਹਮ ਗਿਆਨੀ ਸ਼ਬਦ ਜੋ ਗੁਰਬਾਣੀ ਵਿਚ ਵਰਤੇ ਗਏ ਹਨ ਉਹ ਕਿਸੇ ਵਿਅਕਤੀ ਵਿਸ਼ੇਸ਼ ਲਈ ਨਹੀਂ ਹਨ ਸਗੋਂ ਇਹ ਤਾਂ ਰੱਬੀ ਗੁਣਾਂ ਨਾਲ ਭਰਪੂਰ "ਕਿਰਦਾਰ" ਲਈ ਵਰਤੇ ਗਏ ਹਨ।

ਸੰਤ ਕਾ ਸੰਗੁ ਵਡਭਾਗੀ ਪਾਈਐ
ਸੰਤ ਕੀ ਸੇਵਾ ਨਾਮ ਧਿਆਈਐ।

ਰੱਬੀ ਗੁਣਾਂ ਦਾ ਸੰਗ ਭਾਵ ਗੁਣਾਂ ਨੂੰ ਅਪਨਾਉਣ ਲਈ ਕਿਹਾ ਗਿਆ ਹੈ। ਜਦੋਂ ਗੁਣਾਂ ਦੇ ਧਾਰਨੀ ਹੋ ਜਾਵਾਂਗੇ ਤਾਂ ਅਸੀਂ ਆਪ ਹੀ ਵੱਡੇ ਭਾਗਾਂ ਵਾਲੇ ਹੋ ਜਾਵਾਂਗੇ। ਜਿਹੜਾ ਵਕਤ ਅਸੀਂ ਰੱਬੀ ਗੁਣਾਂ ਨਾਲ ਜਿਊਵਾਂਗੇ ਉਹ ਸਾਡਾ ਨਾਮ ਸਿਮਰਨ ਵੀ ਹੋਵੇਗਾ। ਉਸ ਵੇਲੇ ਅਸੀਂ ਵੱਖਰੀ ਖ਼ੁਸ਼ੀ ਅਤੇ ਅਨੰਦ ਮਾਣ ਰਹੇ ਹੋਵਾਂਗੇ।

• ਸੁਖਦੇਵ ਸਿੰਘ , 94171 91916

# ਸਰਬ ਦਾਤਾ ਸਰਬ ਗਯਾਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ

**ਗੁਰੂ ਗੋਬਿੰਦ ਸਿੰਘ ਜੀ ਦਾ ਨਿਰਣਾ ਮੀਰੀ ਤੇ ਪੀਰੀ ਨੂੰ ਸਿੱਖਾਂ ਦਾ ਸੁਭਾਅ ਬਣਾ ਦੇਣ ਦਾ ਸੀ। ਇਸ ਲਈ ਪਹਿਲਾਂ ਸਿੱਖਾਂ 'ਚ ਵੀਰਤਾ ਦਾ ਭਾਵ ਭਰਿਆ ਗਿਆ। ਫ਼ੌਜ ਤਿਆਰ ਹੋਈ। ਫਿਰ ਖ਼ਾਲਸਾ ਪੰਥ ਦੀ ਸਾਜਨਾ ਦਾ ਮਹਾਨ ਅਤੇ ਇਤਿਹਾਸਕ ਕਾਰਜ ਸੰਪੰਨ ਹੋਇਆ। ਖ਼ਾਲਸਾ ਦਾ ਅਰਥ ਆਮ ਲੋਕਾਂ ਨੂੰ ਅਧਿਆਤਮਿਕ, ਸਾਮਾਜਿਕ ਅਤੇ ਰਾਜਸੀ ਪਾਤਿਸ਼ਾਹੀ ਪ੍ਰਦਾਨ ਕਰਨਾ ਸੀ...**



ਡਾ. ਸਤਿੰਦਰ ਪਾਲ ਸਿੰਘ
9415960533

ਬਾਦਸ਼ਾਹ ਦਰਵੇਸ਼, ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਮਨ ਨੂੰ ਰੂਹਾਨੀ ਪ੍ਰਕਾਸ਼ ਨਾਲ ਰੋਸ਼ਨ ਕਰ ਦੇਣ ਵਾਲਾ, ਆਤਮਿਕ ਤ੍ਰਿਪਤੀ ਪ੍ਰਦਾਨ ਕਰਨ ਵਾਲਾ, ਜੀਵਨ ਪ੍ਰਤੀ ਦ੍ਰਿਸ਼ਟੀ ਬਦਲ ਦੇਣ ਵਾਲਾ, ਅਗਾਂਹ ਵੱਧ ਕੇ ਮਨੁੱਖਤਾ ਤੇ ਆਪਾ ਵਾਰ ਦੇਣ ਲਈ ਪ੍ਰੇਰਨ ਵਾਲਾ ਤੇ ਪਰਮੇਸ਼ਵਰ ਦੀ ਸਰਬ ਵਿਆਪਕਤਾ ਨਾਲ ਇਕਸਾਰ ਕਰਨ ਵਾਲਾ ਹੈ ਇਕ ਵਾਰ ਗੁਰੂ ਸਾਹਿਬ ਦਾ ਨਾਮ ਲੈਣਾ ਹੀ ਜੀਵਨ ਧੰਨ-ਧੰਨ ਕਰ ਦਿੰਦਾ ਹੈ। ਸੰਸਾਰ ਅੰਦਰ ਪਰਮਾਤਮਾ ਦੀ ਸੱਤਾ ਉਸ ਦੇ ਕਲਿਆਣਕਾਰੀ ਵਰਤਾਰੇ ਰਾਹੀਂ ਲੋਕਾਂ ਦੇ ਮਨਾਂ 'ਤੇ ਚੱਲਦੀ ਆਈ ਹੈ। ਉਸ ਦੀ ਬੇਅੰਤ ਸ਼ਕਤੀ 'ਚ ਮਨੁੱਖ ਨੇ ਸਦਾ ਆਪਣੇ ਹਿਤ ਵੇਖੇ ਹਨ ਅਤੇ ਸੁਰੱਖਿਆ ਮਹਿਸੂਸ ਕੀਤੀ ਹੈ।

ਅਧਿਆਤਮਿਕ ਜਗਤ ਦਾ ਆਧਾਰ ਹੀ ਪਰਮਾਤਮਾ ਦੇ ਗੁਣ ਬਣੇ ਮਨੁੱਖ ਦੀ ਆਦਿ ਕਾਲ ਤੋਂ ਰਚੀ ਗਈ ਇਹ ਕਲਪਨਾ ਸਤਾਰਵੀਂ ਸਦੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਸ਼ਖ਼ਸੀਅਤ ਦੇ ਰੂਪ ਵਿਚ ਸਾਕਾਰ ਹੋਈ ਅਤੇ ਸੰਸਾਰ ਨੂੰ ਪਹਿਲੀ ਵਾਰ ਇਨ੍ਹਾਂ ਸਾਰੇ ਗੁਣਾਂ ਦੇ ਪ੍ਰਤੱਖ ਦਰਸ਼ਨ ਇਕੋ ਨਾਲ ਹੋਏ। ਧਾਰਮਿਕ ਕੱਟੜਤਾ ਨੂੰ ਢਾਹ ਲਾਉਣ ਅਤੇ ਭਾਰਤ ਦੀਆਂ ਧਾਰਮਿਕ, ਸਮਾਜਿਕ ਕੀਮਤਾਂ ਨੂੰ ਬਚਾਉਣ ਲਈ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਹੋਈ ਸ਼ਹਾਦਤ ਤੋਂ ਬਾਅਦ ਨੌਂ ਸਾਲ ਦੀ ਉਮਰ ਵਿਚ ਗੁਰਗੱਦੀ ਦੇ ਯੋਗ ਹੋਣਾ ਕੋਈ ਸੰਜੋਗ ਨਹੀਂ ਪਰਮਾਤਮਾ ਦਾ ਨਿਰਣਾ ਸੀ। ਆਪਣੇ ਆਪ ਨੂੰ ਪੂਰਨ ਤੌਰ 'ਤੇ ਪ੍ਰਕਟ ਕਰਨ ਦਾ ਗੁਰੂ ਨਾਨਕ ਸਾਹਿਬ ਦਾ ਕਾਲ ਪਰਮਾਤਮਾ ਦਾ ਉਦੈ ਕਾਲ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਗੁਰਗੱਦੀ 'ਤੇ ਵਿਰਾਜਮਾਨ ਹੋਣਾ ਦੁਪਹਿਰ ਹੋਣਾ ਸੀ। ਜਦੋਂ ਸੂਰਜ ਆਪਣੇ ਪੂਰੇ ਗੋਲ ਆਕਾਰ ਵਿਚ, ਭਰਪੂਰ ਰੋਸ਼ਨੀ ਨਾਲ ਆਕਾਸ਼ ਵਿੱਚੋਂ ਚਮਕਣ ਲੱਗ ਪੈਂਦਾ ਹੈ ਜਿਸ ਦੀ ਝਲਕ ਸਹਾਰੀ ਨਹੀਂ ਜਾਂਦੀ। ਅੱਠ ਨੌਂ ਸਾਲ ਦੀ ਉਮਰ ਵਿਚ ਪਿਤਾ ਨੂੰ ਬਲੀਦਾਨ ਲਈ ਪ੍ਰੇਰਿਤ ਕਰਨ ਨਾਲ ਹੀ "ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ" ਦੇ ਆਸ਼ਾਵਾਦ ਨਾਲ ਲਬਰੇਜ ਵਚਨ ਕਹਿ ਕੇ ਆਪਣੀ ਅੰਤਰ ਚੇਤਨਾ ਪ੍ਰਕਟ ਕਰਦਿਆਂ ਭਵਿੱਖ ਬਾਰੇ ਨਿਸ਼ਚਿੰਤ ਕਰਨਾ ਇਕ ਲਾਸਾਨੀ ਘਟਨਾ ਸੀ। ਸੰਸਾਰ ਦੇ ਇਤਿਹਾਸ ਵਿਚ ਇਹੋ ਜਿਹੀ ਹੋਰ ਕੋਈ ਮਿਸਾਲ ਨਹੀਂ ਮਿਲਦੀ। ਇਹ ਗੁਰੂ ਗੋਬਿੰਦ ਸਿੰਘ ਜੀ ਦੇ "ਧਰਮ ਚਲਾਵਨ ਸੰਤ ਉਬਾਰਨ, ਦੁਸਟ ਸਭਨ ਕੋ ਮੂਲ ਉਪਾਰਨ" ਦ੍ਰਿੜ੍ਹ ਨਿਸ਼ਚੈ ਦੀ ਮਹਾਨ ਆਰੰਭਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਲਿਦਾਨ ਤੋਂ ਬਾਅਦ ਉਤਪੰਨ ਹੋਏ ਹਾਲਾਤ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਧੀਰਜ ਅਤੇ ਸੂਝ ਨਾਲ ਸਾਹਮਣਾ ਕੀਤਾ ਅਤੇ ਜਿਸ ਤਰ੍ਹਾਂ ਕਦਮ ਦਰ ਕਦਮ ਆਪਣੇ ਨਿਸ਼ਚੈ ਨੂੰ ਕਾਰਜ ਰੂਪ ਵਿਚ ਬਦਲਿਆ ਉਹ ਤੀਬਰ ਤੋਂ ਤੀਬਰ ਮਨੁੱਖੀ ਬੁਧੀ ਨੂੰ ਹੈਰਾਨ ਕਰ ਦੇਣ ਵਾਲਾ ਸਾਬਿਤ ਹੋਇਆ।

ਅਕਾਲ ਪੁਰਖ ਦੀ ਆਗਿਆ ਅਨੁਸਾਰ ਜਿਸ ਧਰਮ ਰਾਜ ਦੀ ਸਥਾਪਨਾ ਲਈ ਗੁਰੂ ਗੋਬਿੰਦ ਸਿੰਘ ਜੀ ਸੰਸਾਰ 'ਚ ਪ੍ਰਕਟ ਹੋਏ ਉਸ ਦਾ ਪਹਿਲਾ ਥੰਮ ਬਣਿਆ ਗਿਆਨ। ਗੁਰੂ ਸਾਹਿਬ ਨੇ ਵੱਡੇ ਪੱਧਰ 'ਤੇ ਸਮਾਜ ਨੂੰ ਜਾਗ੍ਰਤ ਕਰਨ ਲਈ ਭਰਮ, ਦੁਵਿਧਾ, ਸ਼ੰਕਾ ਅਤੇ ਅਗਿਆਨਤਾ ਦੀ ਨਿਵ੍ਰਿਤੀ ਦਾ ਉਦੇਸ਼ ਅੱਗੇ ਰੱਖਿਆ। ਦੂਰ-ਦੂਰ ਤੋਂ ਵਿਦਵਾਨ, ਕਵੀ, ਗਿਆਨੀ ਸੱਦ ਕੇ ਆਪਣੇ ਦਰਬਾਰ 'ਚ ਆਦਰ ਪੂਰਨ ਸਥਾਨ ਦੇਣਾ ਅਤੇ ਉਨ੍ਹਾਂ ਨੂੰ ਸ੍ਰੇਸ਼ਠ ਸਾਹਿਤ ਰਚਨ ਲਈ ਪ੍ਰੇਰਿਤ ਕਰਨਾ ਇਕ ਅਤਿ ਮਹੱਤਵਪੂਰਨ ਕਦਮ ਸੀ



ਜੋਤੀ ਜੋਤ ਦਿਵਸ 'ਤੇ ਵਿਸ਼ੇਸ਼

ਜਿਸ ਨੇ ਆਮ ਲੋਕਾਂ ਨੂੰ ਬੌਧਿਕ ਅਤੇ ਆਤਮਿਕ ਤੌਰ 'ਤੇ ਬਲਵਾਨ ਬਣਾਉਣ 'ਚ ਵੱਡੀ ਭੂਮਿਕਾ ਅਦਾ ਕੀਤੀ। ਗੁਰੂ ਸਾਹਿਬ ਨੇ ਚੋਣਵੇਂ ਸਿੱਖਾਂ ਨੂੰ ਸੰਸਕ੍ਰਿਤ ਭਾਸ਼ਾ ਦਾ ਗਿਆਨ ਹਾਸਿਲ ਕਰਨ ਅਤੇ ਧਰਮ, ਅਧਿਆਤਮ ਦੇ ਗੂੜ੍ਹ ਤੱਤ ਜਾਣਨ ਲਈ ਬਨਾਰਸ ਭੇਜਿਆ ਜੋ ਗਿਆਨ ਦਾ ਮੁੱਖ ਕੇਂਦਰ ਮੰਨਿਆ ਜਾਂਦਾ ਸੀ। ਕਈ ਇਤਿਹਾਸਕ ਗ੍ਰੰਥਾਂ ਦੇ ਅਨੁਵਾਦ ਪੰਜਾਬੀ ਭਾਸ਼ਾ ਵਿਚ ਕੀਤੇ ਗਏ। ਇਸ ਨਾਲ ਗਿਆਨ ਤੇ ਇਕ ਖ਼ਾਸ ਵਰਗ ਦੀ ਪਾਈ ਗਈ ਆਪ ਹੁਦਰੀ ਮਲਕੀਅਤ ਨੂੰ ਗਹਿਰਾ ਧੱਕਾ ਲਗਿਆ ਅਤੇ ਆਮ ਲੋਕਾਂ ਦੇ ਮਨ ਵਿਸ਼ਵਾਸ ਨਾਲ ਭਰਪੂਰ ਹੋ ਗਏ। ਧਰਮ ਜੋ ਉੱਚ ਸ਼੍ਰੇਣੀ ਦੀ ਚਰਚਾ ਦਾ ਵਿਸ਼ੇਸ਼ਾਧਿਕਾਰ ਸੀ ਆਮ ਲੋਕਾਂ ਦੇ ਖੁੱਲ੍ਹੇ ਚਿੰਤਨ ਦਾ ਵਿਸ਼ਾ ਬਣ ਗਿਆ। ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਹੀ ਸੰਗਤ ਨਾਲ ਅਧਿਆਤਮਿਕ ਚਿੰਤਨ ਦੀ ਪਰੰਪਰਾ ਪੈ ਚੁਕੀ ਸੀ। ਗੁਰੂ ਸਾਹਿਬਾਨ ਨੇ ਕਦੇ ਵੀ ਉਪਦੇਸ਼ ਦੀ ਪ੍ਰੰਪਰਾਗਤ ਸ਼ੈਲੀ ਨਹੀਂ ਸੀ ਅਪਨਾਈ। ਗੁਰੂ ਗਿਆਨ ਦੇ ਸਿਧਾਂਤ ਸਮੂਹਿਕ ਚਰਚਾ ਦੌਰਾਨ, ਗੁਰੂ ਸਾਹਿਬਾਨ ਦੇ ਆਚਾਰ ਜਾਂ ਹਰਿ ਜਸ ਗਾਇਨ ਰਾਹੀਂ ਪ੍ਰਕਟ ਹੋਇਆ ਕਰਦੇ ਸਨ। ਭਾਈ ਗੁਰਦਾਸ ਜੀ ਅਤੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਜਿਹੇ ਵਿਦਵਾਨ ਇਸ ਪ੍ਰਕ੍ਰਿਆ ਦੇ ਹੀ ਸੁਫਲ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪ੍ਰਕਿਰਿਆ ਨੂੰ ਇਕ ਵਿਆਪਕ ਫਲਕ ਪ੍ਰਦਾਨ ਕੀਤਾ ਜੋ ਸਮਕਾਲੀ ਪ੍ਰਸਥਿਤੀਆਂ ਦਾ ਪਰਿਣਾਮ ਅਤੇ ਸਮੇਂ ਦੀ ਲੋੜ ਮੁਜਬ ਸੀ। ਗੁਰੂ ਸਾਹਿਬ ਨੇ ਆਪ ਸਿੱਖਾਂ ਦੇ ਆਤਮਿਕ ਵਿਕਾਸ 'ਚ ਸਹਾਇਕ ਸ੍ਰੇਸ਼ਠ ਬਾਣੀ ਰਚੀ ਜੋ ਅੰਮ੍ਰਿਤਮਈ ਅਤੇ ਜੀਵਨਦਾਈ ਸਿੱਧ ਹੋਈ। ਗਿਆਨ ਦੇ ਇਸ ਮਾਰਗ ਨੇ ਸਿੱਖਾਂ ਅੰਦਰ ਆਤਮ ਵਿਸ਼ਵਾਸ ਪੈਦਾ ਕਰਨ ਅਤੇ ਮਨੋਵਰਿਤੀ ਨੂੰ ਬਦਲਣ ਦਾ ਕੰਮ ਕੀਤਾ। ਇਸ ਬਿਨਾਂ ਵਿਆਪਕ ਸਮਾਜਿਕ ਚੇਤਨਾ ਸੰਭਵ ਨਹੀਂ ਸੀ।

ਗੁਰੂ ਸਾਹਿਬ ਦਾ ਅਗਲਾ ਕਦਮ ਸਿੱਖਾਂ ਨੂੰ ਹਾਲਾਤ ਅਤੇ ਅਨਿਆਂ ਦਾ ਮੁਕਾਬਲਾ ਕਰਨ ਯੋਗ ਬਣਾਉਣਾ ਸੀ। ਜ਼ੋਰ, ਜਬਰ ਨੂੰ ਸਿਧਾਂਤਾਂ ਨਾਲ ਨਹੀਂ ਸਿਧਾਂਤਕ ਵੀਰਤਾ ਨਾਲ ਹੀ ਪਰਾਜਿਤ ਕੀਤਾ ਜਾ ਸਕਦਾ ਸੀ। ਗੁਰੂ ਹਰਿਗੋਬਿੰਦ ਜੀ ਮੀਰੀ ਅਤੇ ਪੀਰੀ ਦੀਆਂ ਤਲਵਾਰਾਂ ਧਾਰਨ ਕਰ-ਕਰ ਪੰਥ ਨੂੰ ਪਹਿਲਾਂ ਹੀ ਇਸ ਦਿਸ਼ਾ ਵੱਲ ਅਗਾਂਹ ਵਧਾ ਚੁੱਕੇ ਸਨ।

ਗੁਰੂ ਗੋਬਿੰਦ ਸਿੰਘ ਜੀ ਦਾ ਨਿਰਣਾ ਮੀਰੀ ਤੇ ਪੀਰੀ ਨੂੰ ਸਿੱਖਾਂ ਦਾ ਸੁਭਾਅ ਬਣਾ ਦੇਣ ਦਾ ਸੀ। ਇਸ ਲਈ ਪਹਿਲਾਂ ਸਿੱਖਾਂ 'ਚ ਵੀਰਤਾ ਦਾ ਭਾਵ ਭਰਿਆ ਗਿਆ। ਫੌਜ ਤਿਆਰ ਹੋਈ। ਫਿਰ ਖ਼ਾਲਸਾ ਪੰਥ ਦੀ ਸਾਜਨਾ ਦਾ ਮਹਾਨ ਅਤੇ ਇਤਿਹਾਸਕ ਕਾਰਜ ਸੰਪੰਨ ਹੋਇਆ। ਖ਼ਾਲਸਾ ਦਾ ਅਰਥ ਆਮ ਲੋਕਾਂ ਨੂੰ ਅਧਿਆਤਮਿਕ, ਸਾਮਾਜਿਕ ਅਤੇ ਰਾਜਸੀ ਪਾਤਿਸ਼ਾਹੀ ਪ੍ਰਦਾਨ ਕਰਨਾ ਸੀ। ਗੁਰੂ ਸਾਹਿਬ ਨੇ ਆਪਣੀ ਸ਼ਕਤੀ ਵੀ ਪੰਜ ਪਿਆਰਿਆਂ ਰਾਹੀਂ ਪੰਥ ਵਿਚ ਨਿਹਿਤ ਕਰ ਦਿੱਤੀ। ਪੰਜ ਕਕਾਰ ਬਖ਼ਸ਼ ਕੇ ਗੁਰੂ ਸਾਹਿਬ ਨੇ ਵਿਅਕਤੀਗਤ ਅਤੇ ਪੰਥਕ ਅਨੁਸ਼ਾਸਨ ਦਾ ਸੁਮੇਲ ਕੀਤਾ ਜੋ ਸਦਾ ਲਈ ਮਰਿਆਦਾ ਕਾਇਮ ਰੱਖਣ ਦਾ ਸਖ਼ਤ ਸੁਨੇਹਾ ਸੀ। ਗੁਰੂ ਸਾਹਿਬ ਨੇ ਕਿਹਾ ਕਿ ਮਰਿਆਦਾ ਦੀ ਉਲੰਘਣਾ ਪਰਮੇਸ਼ਵਰ ਤੋਂ ਦੂਰ ਕਰਨ ਵਾਲੀ ਹੈ "ਜੇ ਜੇ ਬਾਦਿ ਕਰਤ ਹੰਕਾਰਾ ਤਿਨ ਤੇ ਭਿੰਨ ਰਹਤ ਕਰਤਾਰਾ"। ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਪਰਮੇਸ਼ਵਰ ਵਿਚ ਰਮਿਆ ਹੋਇਆ ਜੋਧਾ ਸੀ ਜੋ ਦੁਸ਼ਟ ਦਮਨ ਅਕਾਲਪੁਰਖ ਦਾ ਪ੍ਰਤਾਪ ਪ੍ਰਕਟ ਕਰਨ ਲਈ ਕਰ ਰਿਹਾ ਸੀ। ਜਿਸ ਦੀ ਤੇਗ ਰੂਹਾਨੀਅਤ ਦੀ ਰੋਸ਼ਨੀ 'ਚ ਲਿਸ਼ਕ ਲਿਸ਼ਕ ਮਨੁੱਖੀ ਹਿੱਤਾਂ ਦੀ ਰਾਹ ਰੋਸ਼ਨ ਕਰ ਰਹੀ ਸੀ ਅਤੇ ਜਿਸ ਦਾ ਰੰਜੀਤ ਨਗਾਰਾ "ਸਜਸ ਤੁਯੰ ਧਜਸ ਤੁਯੰ ਅਲਸ ਤੁਯੰ ਇਕਸ ਤੁਯੰ" ਦੀ ਗੂੰਜ ਕੱਢਦਾ ਹੋਇਆ ਧਰਮ ਦੀ ਜੈ ਜੈਕਾਰ ਕਰ ਰਿਹਾ ਸੀ। ਗੁਰੂ ਸਾਹਿਬ ਦੁਆਰਾ ਸਾਜੇ ਗਏ ਖ਼ਾਲਸਾ ਦਾ ਪਰਮਾਤਮਾ ਦੇ ਨਿਆਂ ਤੇ ਅਟੁੱਟ ਵਿਸ਼ਵਾਸ ਸੀ "ਸਾਧ ਸਮੂਹ ਪ੍ਰਸੰਨ ਫਿਰੈਂ ਜਗ ਸਤ੍ਰੁ ਸਭੈ ਅਵਲੋਕ ਚਪੈਂਗੇ" ਗੁਰੂ ਸਾਹਿਬ ਨੇ ਖ਼ਾਲਸਾ ਨੂੰ ਆਪਨੇ ਖਾਸ ਰੂਪ ਅਤੇ ਸੰਤਾਨ ਦੇ ਤੌਰ 'ਤੇ ਦੇਖਿਆ ਤੇ ਪਿਆਰ, ਸਤਿਕਾਰ ਕੀਤਾ ਜੋ ਵਿਲੱਖਣ ਸੀ।

ਗੁਰੂ ਨਾਨਕ ਦੇ ਦਰ ਦੇ ਸੇਵਕਾਂ ਦੀ ਸਿੱਖ ਪੰਥ ਤੋਂ ਖ਼ਾਲਸਾ ਪੰਥ ਤੀਕ ਦੀ ਯਾਤਰਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਚੰਡ ਰੂਹਾਨੀ ਤੇਜ਼ ਦਾ ਵਿਸਮਾਦੀ ਕਰਿਸ਼ਮਾ ਸੀ। ਜਿਨ੍ਹਾਂ ਕਦੇ ਹਥਿਆਰ ਚੁੱਕ ਕੇ ਵੀ ਨਾ ਦੇਖੇ ਹੋਣ ਉਹ ਰਣ 'ਚ ਵੈਰੀ ਤੇ ਬਾਜ ਵਾਂਗੂ ਟੁੱਟਣ ਲੱਗ ਪਏ ਅਤੇ ਸ਼ੀਸ਼ ਵਾਰਦਿਆਂ ਜ਼ਿੰਦਗੀ ਦੇ ਜਸ਼ਨ ਮਨਾਉਣ ਲੱਗ ਪਏ। ਗੁਰੂ ਸਾਹਿਬ ਨੇ ਸਰਬੰਸ ਵਾਰ ਕੇ ਖ਼ਾਲਸਾ ਨੂੰ ਸਿਰ ਵਾਰਨ ਦੀ ਜਾਚ ਸਿਖਾਈ ਅਤੇ ਇਸ ਤੋਂ ਬਾਅਦ ਵੀ ਚੜ੍ਹਦੀਕਲਾ ਵਿਚ ਰਹਿਣਾ ਦੱਸਿਆ "ਨ ਪੋਚੀਦਾ ਮੂਇ ਨ ਰੰਜੀਦਹ ਤਨ ਕਿ ਬੇਰੂੰ ਖ਼ੁਦਾਵਰਦ ਦੁਸ਼ਮਨ ਸ਼ਿਕਨ "। ਇਹ ਪੰਕਤੀ ਗੁਰੂ ਸਾਹਿਬ ਦੀ ਅਮਰ ਕ੍ਰਿਤੀ ਜ਼ਫਰਨਾਮਾ ਦੀ ਹੈ ਜਿਸ ਰਾਹੀਂ ਅਨੰਦਪੁਰ ਸਾਹਿਬ ਛੱਡਣ, ਮਨੁੱਖਤਾ ਲਈ ਸਰਬੰਸ ਵਾਰਨ ਤੇ ਸਿੱਖਾਂ ਦੇ ਖਿੰਡਰ ਜਾਣ ਤੋਂ ਬਾਅਦ ਵੀ ਅਗੰਮੀ ਸ਼ਕਤੀ ਨਾਲ ਭਰਪੂਰ। ਗੁਰੂ ਸਾਹਿਬ ਨੇ ਦੀਨੇ ਦੀ ਧਰਤੀ ਤੋਂ ਹਿੰਦੁਸਤਾਨ ਦੀ ਸਲਤਨਤ ਨੂੰ ਵੰਗਾਰਦਿਆਂ ਕਿਹਾ ਕਿ ਸਾਡਾ ਜ਼ਰਾ ਵੀ ਵਾਲ ਵਿੰਗਾ ਨਹੀਂ ਹੋਇਆ ਅਤੇ ਨਾ ਹੀ ਕੋਈ ਕਸ਼ਟ ਹੋਇਆ ਹੈ। ਪਰਮਾਤਮਾ ਨੇ ਆਪ ਸਹਾਇਕ ਹੋ ਕੇ ਸਾਨੂੰ ਦੁਸ਼ਟ ਵੈਰੀਆਂ ਦੇ ਕੁਚੱਕਰ ਤੋਂ ਬਾਹਰ ਸੁਰੱਖਿਅਤ ਕੱਢ ਲਿਆਂਦਾ ਹੈ। ਇਸ ਲਈ ਗੁਰੂ ਸਾਹਿਬ ਨੇ ਪ੍ਰੇਮ ਨੂੰ ਮਾਧਿਅਮ ਬਣਾਇਆ।

"ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।" ਗਿਆਨ ਪ੍ਰਾਪਤ ਕਰਨਾ, ਸ਼ਸਤਰ ਧਾਰਨ ਕਰਨਾ, ਯੁੱਧ ਕਰਨੇ , ਨਾਮ ਜੱਪਣਾ, ਤਿਆਗ, ਬਲਿਦਾਨ ਕਰਨਾ ਮਾਤਰ ਮਨ ਨੂੰ ਨਿਰਮਲ ਕਰਨ ਅਤੇ ਪ੍ਰੇਮ ਦੀ ਰਾਹ ਖੋਲ੍ਹਣਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪ ਕੇ ਗੁਰੂ ਸਾਹਿਬ ਖ਼ਾਲਸਾ ਪੰਥ ਨੂੰ ਗੁਰੂ ਸ਼ਬਦ ਦੀ ਅਧੀਨਤਾ ਹੇਠ ਲੈ ਆਏ। ਇਕ ਗਿਆਨਵਾਨ,ਵੀਰ, ਪਰੋਪਕਾਰੀ, ਸਾਧਕ, ਧਰਮੀ ਜਦੋਂ ਪ੍ਰੇਮ ਦੀ ਗੱਲ ਕਰਦਾ ਹੈ ਤਾਂ ਪ੍ਰੇਮ ਦਾ ਸੱਚਾ ਸਰੂਪ ਸਜੀਵ ਹੋ ਉਠਦਾ ਹੈ। ਸਿੱਖ ਬਲਿਦਾਨਾਂ ਦਾ ਇਤਿਹਾਸ ਪਰਮਾਤਮਾ ਅਤੇ ਮਨੁੱਖਤਾ ਪ੍ਰਤੀ ਅਟੁੱਟ ਤੇ ਪ੍ਰਤੀਬੱਧ ਪ੍ਰੇਮ ਕਾਰਨ ਹੀ ਬਣ ਸਕਿਆ। ਗੁਰੂ ਜੀ ਦੀ ਵਿਸਮਾਦੀ ਸ਼ਖ਼ਸੀਅਤ ਪਰਮਾਤਮਾ ਦੇ ਗੁਣਾਂ ਦੇ ਸੰਪੂਰਨਤਾ 'ਚ ਦਰਸ਼ਨ ਕਰਾਉਣ ਵਾਲੀ ਹੈ। ਗੁਰੂ ਸਾਹਿਬ ਦੇ ਗੁਣਾਂ ਦੀ ਚਰਚਾ ਕੀਤੀ ਜਾ ਸਕਦੀ ਹੈ ਪਰ ਸ਼ਲਾਘਾ ਕਰਨਾ ਤੇ ਕੀਮਤ ਪਾਉਣਾ ਕਿਸੇ ਵੀ ਕਲਮ ਦੀ ਸਮਰਥਾ 'ਚ ਨਹੀਂ। ਗੁਰੂ ਸ਼ੋਭਾ ਅਕੱਥ ਹੈ। •

## ਯਿਸੂ ਹਲ਼ ਬਣਾਉਣ ਦੇ ਮਾਹਿਰ ਬਣੇ

**ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।**

*(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਯੂਰੈਂਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)*

ਸੰਨ 3 ਦੇ ਜੂਨ ਮਹੀਨੇ ਦੇ ਅੰਤ ਵਿੱਚ 9 ਸਾਲਾ ਯਿਸੂ ਪਹਿਲੀ ਵਾਰ ਤੇਬੋਰ ਪਰਬਤ ਦੀ ਟੀਸੀ 'ਤੇ ਗਏ। ਉਹ ਬਹੁਤ ਹੀ ਸਾਫ਼ ਦਿਨ ਸੀ ਤੇ ਉੱਥੋਂ ਬਹੁਤ ਦੂਰ-ਦੂਰ ਤੋਂ ਵੇਖਿਆ ਜਾ ਸਕਦਾ ਸੀ। ਯਿਸੂ ਨੂੰ ਉੱਥੇ ਜਾ ਕੇ ਲੱਗਾ ਕਿ ਜਿਵੇਂ ਉਨ੍ਹਾਂ ਨੇ ਭਾਰਤ, ਅਫ਼ਰੀਕਾ ਤੇ ਰੋਮ ਨੂੰ ਛੱਡ ਕੇ ਉੱਥੋਂ ਸਾਰੀ ਦੁਨੀਆ ਵੇਖ ਲਈ ਹੋਵੇ (ਯੂਰੈਂਸ਼ੀਆ-124:1.6)

ਯਿਸੂ ਦੀ ਦੂਜੀ ਦੁਨਿਆਵੀ ਭੈਣ ਮਾਰਥਾ ਦਾ ਜਨਮ ਵੀਰਵਾਰ 13 ਸਤੰਬਰ ਦੀ ਰਾਤ ਨੂੰ ਹੋਇਆ ਸੀ। ਮਾਰਥਾ ਜਦੋਂ ਤਿੰਨ ਹਫ਼ਤਿਆਂ ਦੀ ਹੋਈ, ਤਦ ਪਿਤਾ ਯੂਸਫ਼ ਨੇ ਆਪਣੇ ਘਰ ਵਿਚ ਕੁਝ ਨਵੇਂ ਕਮਰਿਆਂ ਦੀ ਉਸਾਰੀ ਸ਼ੁਰੂ ਕੀਤੀ। ਉਨ੍ਹਾਂ ਉੱਥੇ ਵਰਕਸ਼ਾਪ ਤੇ ਇਕ ਬੈੱਡਰੂਮ ਬਣਾਇਆ। ਯਿਸੂ ਲਈ ਇਕ ਵਿਸ਼ੇਸ਼ ਛੋਟਾ ਬੈਂਚ ਬਣਾਇਆ ਗਿਆ, ਜਿਸ ਉੱਤੇ ਬਹਿ ਕੇ ਉਹ ਆਪਣੇ ਹਿਸਾਬ ਨਾਲ ਤਰਖਾਣ ਦਾ ਕੰਮ ਕਰ ਸਕਦੇ ਸਨ। ਉਸ ਤੋਂ ਬਾਅਦ ਉਨ੍ਹਾਂ ਨੇ ਇਸੇ ਬੈਂਚ ਉੱਤੇ ਬੈਠ ਕੇ ਅਗਲੇ ਕਈ ਸਾਲਾਂ ਤਕ ਕੰਮ ਕੀਤਾ ਅਤੇ ਉਹ ਹਲ਼ ਦੀਆਂ ਪੰਜਾਲ਼ੀਆਂ (ਹਲ਼ ਦਾ ਉਹ ਨਰਮ ਭਾਗ ਜੋ ਬਲ਼ਦ ਜਾਂ ਹੋਰ ਕਿਸੇ ਜਾਨਵਰ ਦੀ ਗਰਦਨ 'ਤੇ ਰੱਖਿਆ ਜਾਂਦਾ ਹੈ) ਬਣਾਉਣ ਦੇ ਤਾਂ ਮਾਹਿਰ ਬਣ ਗਏ ਸਨ (ਯੂਰੈਂਸ਼ੀਆ-124:1.7)

ਇਸੇ ਵਰ੍ਹੇ ਨਾਸਰਤ ਵਿਚ ਇੰਨੀ ਜ਼ਿਆਦਾ ਠੰਢ ਪਈ ਕਿ ਜਿੰਨੀ ਪਿਛਲੇ ਕਈ ਦਹਾਕਿਆਂ 'ਚ ਵੀ ਨਹੀਂ ਪਈ ਸੀ। ਯਿਸੂ ਨੇ ਪਰਬਤਾਂ 'ਤੇ ਬਰਫ਼ ਪੈਂਦੀ ਬਹੁਤ ਵਾਰ ਵੇਖੀ ਸੀ। ਨਾਸਰਤ ਵਿਚ ਵੀ ਕਈ ਵਾਰ ਬਰਫ਼ਬਾਰੀ ਹੋਈ ਸੀ ਪਰ ਉਹ ਜ਼ਮੀਨ ਉੱਤੇ ਥੋੜ੍ਹਾ ਸਮਾਂ ਹੀ ਵਿਖਾਈ ਦਿੰਦੀ ਸੀ ਅਤੇ ਬਹੁਤ ਛੇਤੀ ਪਿਘਲ ਵੀ ਜਾਂਦੀ ਸੀ। ਯਿਸੂ ਇਹ ਸਭ ਬਹੁਤ ਧਿਆਨ ਨਾਲ ਵੇਖਦੇ ਰਹਿੰਦੇ ਸਨ। ਉਹ ਚਾਹ ਦੀ ਕੇਤਲੀ 'ਚੋਂ ਉੱਠਣ ਵਾਲੀ ਭਾਫ਼ ਨੂੰ ਵੀ ਬਹੁਤ ਗਹੁ ਨਾਲ ਵਾਚਦੇ ਸਨ। ਇਸ ਤਰ੍ਹਾਂ ਇੱਕੋ ਹੀ ਪਦਾਰਥ 'ਪਾਣੀ' ਨੂੰ ਠੋਸ, ਦ੍ਰਵ ਤੇ ਗੈਸ ਰੂਪਾਂ ਵਿਚ ਵੇਖ ਕੇ ਆਪਣੇ ਹਿਸਾਬ ਨਾਲ ਕੁਝ ਅਨੁਮਾਨ ਲਾਉਂਦੇ ਰਹਿੰਦੇ ਸਨ (ਯੂਰੈਂਸ਼ੀਆ-124:1.8) ਨਾਸਰਤ ਦਾ ਜਲਵਾਯੂ ਇੰਨਾ ਸਖ਼ਤ ਨਹੀਂ ਸੀ। ਜਨਵਰੀ ਸਭ ਤੋਂ ਵੱਧ ਠੰਢ ਮਹੀਨਾ ਸੀ ਤੇ ਉਸ ਦੌਰਾਨ ਔਸਤ ਤਾਪਮਾਨ 50 ਡਿਗਰੀ ਫ਼ਾਰਨਹੀਟ (ਭਾਵ 10 ਡਿਗਰੀ



ਸੈਲਸੀਅਸ) ਰਹਿੰਦਾ ਸੀ। ਜੁਲਾਈ ਤੇ ਅਗਸਤ ਸਭ ਤੋਂ ਗਰਮ ਮਹੀਨੇ ਹੁੰਦੇ ਸਨ, ਜਦੋਂ ਔਸਤ ਤਾਪਮਾਨ 75 ਡਿਗਰੀ ਤੋਂ 90 ਡਿਗਰੀ ਫ਼ਾਰਨਹੀਟ ਦੇ ਵਿਚਕਾਰ (ਭਾ 23 ਤੋਂ 32 ਡਿਗਰੀ ਸੈਲਸੀਅਸ ਦੇ ਵਿਚਕਾਰ) ਤਕ ਹੁੰਦਾ ਸੀ।

ਪਰਬਤਾਂ ਤੋਂ ਲੈ ਕੇ ਯਰਦਨ ਨਦੀ ਤੇ ਮ੍ਰਿਤ ਸਾਗਰ (ਡੈੱਡ ਸੀਅ) ਵਾਦੀ ਤਕ ਫ਼ਲਸਤੀਨ ਦਾ ਜਲਵਾਯੂ ਜੰਮਾਅ ਦਰਜੇ ਤੋਂ ਲੈ ਕੇ ਸਖ਼ਤ ਗਰਮੀ ਵਾਲਾ ਹੁੰਦਾ ਸੀ। ਇਜ਼ਰਾਇਲ ਦੇ ਅਜਿਹੇ ਤਾਪਮਾਨ ਕਾਰਨ ਹੀ ਯਹੂਦੀ ਹਰ ਕਿਸਮ ਦੇ ਔਖੇ ਹਾਲਾਤ ਦਾ ਸਾਹਮਣਾ ਕਰਨ ਦੇ ਸਮਰੱਥ ਹੁੰਦੇ ਹਨ (ਯੂਰੈਂਸ਼ੀਆ-124:1.9)

ਅਨੁਵਾਦ -ਮਹਿਤਾਬ-ਉਦ-ਦੀਨ

# ਸ੍ਰਿਸ਼ਟੀ ਦਾ ਅਨੁਸ਼ਾਸਨ

ਜਸਬੀਰ ਕੌਰ

ਅਰਬਾਂ ਸਾਲ ਪਹਿਲੇ ਇੱਥੇ ਕੀ ਸੀ? ਇਹ ਸ੍ਰਿਸ਼ਟੀ ਕਿਵੇਂ ਹੋਂਦ 'ਚ ਆਈ, ਕਿਸ ਰਚੀ, ਕਦੋਂ ਰਚੀ, ਕਿੰਨੇ ਦਿਨ ਲੱਗੇ ਆਦਿ ਹੈਰਾਨਕੁਨ ਹੈ। ਰਿਸ਼ੀ ਮੁਨੀ, ਗਿਆਨੀ ਧਿਆਨੀ ਤੇ ਧਰਮ ਸ਼ਾਸਤਰੀਆਂ ਨੇ ਆਪੋ ਆਪਣੇ ਅਟਕਲ ਪੱਚੂਆਂ ਲਾਏ। ਵਿਗਿਆਨੀਆਂ ਮੁਤਾਬਕ ਇਕ ਵੱਡਾ ਸਾਰਾ ਗੈਸੀ ਗੋਲਾ ਘੁੰਮਦਾ-ਘੁੰਮਦਾ ਬਹੁਤ ਉੱਚੀ ਆਵਾਜ਼ 'ਚ ਫਟਿਆ, ਜਿਸ ਨੂੰ ਬਿੱਗ ਬੈਂਗ ਵੀ ਕਿਹਾ ਜਾਂਦਾ ਹੈ। ਇਸ ਦੀ ਕੁੱਖੋਂ ਚੰਦ, ਸੂਰਜ, ਤਾਰੇ ਤੇ ਗ੍ਰਹਿ ਆਦਿ ਰਤਨ ਪੈਦਾ ਹੋ ਗਏ। ਇਹ ਉਦੋਂ ਤੋਂ ਅੱਜ ਤਕ ਜਗਮਗ ਕਰ ਰਹੇ ਤੇ ਜੀਵਨ ਦੇ ਰਹੇ ਹਨ। ਜਿਨ੍ਹਾਂ 'ਚੋਂ ਇਕ ਖ਼ੂਬਸੂਰਤ ਧਰਤੀ ਹੈ,।ਜਿਸ ਵਿਚ ਠਾਠਾਂ ਮਾਰਦੀਆਂ ਛੱਲਾਂ ਵਾਲੇ ਸਮੁੰਦਰ, ਬਰਫ਼ਾਂ, ਰੁੱਖਾਂ ਲੱਦੇ ਪਹਾੜ, ਦਿਲ ਖਿੱਚਵੀਆਂ ਆਬਸ਼ਾਰਾਂ ਝਰਨੇ, ਝੀਲਾਂ, ਦਰਿਆ, ਪੱਧਰੇ ਮੈਦਾਨ ਤੇ ਫ਼ਸਲਾਂ ਨਾਲ ਲੱਦੀ ਧਰਤੀ ਹੈ। ਜਿੱਥੇ ਸੁਖਾਵੀਂ ਸੀਤਲ ਹਵਾ ਵਾਸ਼ਪੀਕਰਨ ਬਣ ਕੇ ਤੇ ਬੱਦਲਾਂ ਦਾ ਰੂਪ ਧਾਰਦੇ, ਮੀਂਹ ਵਰਸਾਉਂਦੇ ਅਤੇ ਵਿਭਿੰਨ ਤਰ੍ਹਾਂ ਦੇ ਜੀਵ ਜੰਤੂ ਸਵਾਸ ਲੈ ਧੜਕ ਰਹੇ ਹਨ।

ਇਹ ਵਰਤਾਰਾ ਓਦੋਂ ਤੋਂ ਅੱਜ ਤਕ ਇਕ ਅਨੁਸ਼ਾਸਨ ਅਧੀਨ ਚੱਲੀ ਜਾ ਰਿਹਾ ਹੈ। ਧਰਤੀ ਸੂਰਜ ਦੁਆਲੇ ਘੁੰਮ ਰਹੀ ਹੈ। ਬਾਕੀ ਗ੍ਰਹਿ ਸਿਤਾਰੇ ਵੀ ਆਪਣੀ ਚਾਲੇ ਚੱਲ ਰਹੇ ਹਨ। ਸੂਰਜ ਸਾਰੀ ਕਾਇਨਾਤ ਨੂੰ ਆਪਣੀਆਂ ਸੁਨਹਿਰੀ ਕਿਰਨਾਂ ਨਾਲ ਰੋਸ਼ਨੀ ਦੇ ਰਿਹਾ ਹੈ। ਸੂਰਜ ਦੇ ਜਾਣ ਬਾਅਦ ਸਿਤਾਰੇ, ਚੰਦਰਮਾ ਹਨ੍ਹੇਰੀਆਂ ਰਾਤਾਂ ਨੂੰ ਮੱਧਮ ਰੋਸ਼ਨੀਆਂ ਨਾਲ ਸਜਾ ਰਹੇ ਹਨ। ਇਨਸਾਨ ਦੇ ਬੈਠੇ-ਬੈਠੇ ਹੀ ਦਿਨ ਚੜ੍ਹ ਜਾਂਦਾ ਹੈ, ਰਾਤ ਪੈ ਜਾਂਦੀ ਹੈ। ਗਰਮੀ ਆ ਜਾਂਦੀ ਹੈ ਤੇ ਕਦੇ ਸਰਦੀ, ਵਰਖਾ, ਬਹਾਰ। ਇਹ ਸਭ ਨਜ਼ਾਰੇ ਇਕ ਅਨੁਸ਼ਾਸਨ ਅਧੀਨ ਘੁੰਮਦੀ ਧਰਤੀ ਇਕ ਫਿਲਮ ਵਾਂਗ ਸਾਡੇ ਸਾਹਮਣੇ ਲਿਆਉਂਦੀ ਜਾਂਦੀ ਹੈ, ਜਿਵੇਂ ਧਰਤੀ ਪਾਸ ਕੋਈ ਰਿਮੋਟ ਫੜਿਆ ਹੋਵੇ। ਇਨਸਾਨ ਦੇ ਹੱਥ ਵਸ ਕੁਛ ਵੀ ਨਹੀਂ ਹੈ। ਚੁਫੇਰੇ ਹਰੀ ਰੰਗੀਨ ਬਨਸਪਤੀ, ਖ਼ੁਸ਼ਬੂਆਂ ਖਿਲਾਰਦੇ ਸੁੰਦਰ ਫੁੱਲਾਂ ਦੇ ਨਜ਼ਾਰੇ, ਪਹਾੜਾਂ ਪੱਥਰਾਂ 'ਚੋਂ ਕਲ਼ ਕਲ਼ ਕਰਦਾ, ਨੱਚਦਾ ਟੱਪਦਾ ਠੰਢਾ ਮਿੱਠਾ ਜਲ, ਮੌਨਸੂਨ ਤੇ ਸੁਖਦ ਹਵਾਵਾਂ ਸਭ ਧਰਤੀ ਮਾਤਾ ਦੀ ਹੀ ਦੇਣ ਹਨ। ਸਭ ਜੀਵਾਂ ਨੂੰ ਖਵਾਉਣ ਪਿਆਉਣ ਦਾ ਜ਼ਿੰਮਾ ਧਰਤੀ ਦਾ ਹੈ। ਉਸੇ ਦੀ ਗੋਦ ਵਿਚ ਜੰਮਦੇ ਮਰਦੇ ਹਾਂ।

ਕੀ ਇਹ ਸਭ ਇਨਸਾਨ ਬਣਾ ਸਕਦਾ ਸੀ? ਨਾ ਬਣਾ



ਸਕਿਆ, ਨਾ ਬਣਾ ਸਕਦਾ। ਹਾਂ ਇਨਸਾਨ ਨੂੰ ਉਸ ਨੇ ਦਿਮਾਗ਼ ਦਿੱਤਾ ਹੈ। ਸੋਚ ਚਿੰਤਨ ਸੰਵੇਦਨਾ ਦਿੱਤੇ ਹਨ। ਜਿਸ ਨਾਲ ਉਹ ਆਪਣੀ ਲੋੜ ਅਨੁਸਾਰ ਅਨੇਕਾਂ ਸਹੂਲਤੀ ਵਸਤਾਂ ਬਣਾਉਂਦਾ ਆਇਆ ਹੈ। ਰਹਿਣ ਲਈ ਇਨਸਾਨ ਨੇ ਘਰ ਬਣਾਏ, ਸੜਕਾਂ ਬਣਾਈਆਂ, ਨਹਿਰਾਂ ਕੱਢੀਆਂ। ਚੱਲਣ ਲਈ ਜਹਾਜ਼, ਗੱਡੀਆਂ, ਕਾਰਾਂ ਸਕੂਟਰ ਈਜਾਦ ਕਰ ਲਏ। ਖੇਤੀ ਲਈ ਮਸ਼ੀਨਾਂ ਦੀ ਕਾਢ ਕੱਢ ਲਈ। ਜੋ ਵੀ ਹੈ ਆਖਰ ਕੱਚੀ ਰਸਦ ਤਾਂ ਧਰਤੀ ਹੀ ਪ੍ਰਦਾਨ ਕਰਦੀ ਹੈ ਪਰ ਇਨਸਾਨ ਏਨੇ ਨਾਲ ਹਉਮੈ ਹੰਕਾਰ ਪ੍ਰਸਤ ਹੋ ਗਿਆ। ਲਾਲਚ ਵੱਧ ਗਏ। ਗ਼ਰੀਬ ਹੋਰ ਗ਼ਰੀਬ , ਅਮੀਰ ਹੋਰ ਅਮੀਰ ਹੁੰਦਾ ਚਲਾ ਗਿਆ। ਕੁਦਰਤੀ ਤੇ ਸਾਦਾ ਜ਼ਿੰਦਗੀ ਛੱਡ ਕੇ ਐਸ਼ੋ ਅਰਾਮ ਵਾਲੀ ਜ਼ਿੰਦਗੀ ਨੂੰ ਤਰਜੀਹ ਦੇਣ ਲੱਗ ਗਿਆ। ਵੱਖ-ਵੱਖ ਧਰਮਾਂ ਜਾਤਾਂ ਦੇ ਬਖੇੜੇ ਪਾ ਲਏ। ਦੂਸਰੇ ਦੇ ਧਰਮ ਜਾਤ ਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਣ ਲੱਗ ਗਿਆ ਤੇ ਦੂਸਰੇ ਦਾ ਹੱਕ ਮਾਰਨ ਲਈ ਜੰਗਾਂ ਯੁੱਧਾਂ ਨੂੰ ਅੰਜਾਮ ਦਿੱਤਾ।

ਲੇਕਿਨ ਧਰਤੀ ਸੂਰਜ ਇਹ ਨਹੀਂ ਦੇਖਦੇ ਕਿ ਫਲਾਣਾ ਮੁਸਲਮਾਨ ਹੈ ਜਾਂ ਹਿੰਦੂ ਸਿੱਖ ਹੈ। ਉਨ੍ਹਾਂ ਨੂੰ ਹੀ ਨਿੱਘ ਦੇਣਾ ਹੈ ਉਨ੍ਹਾਂ ਲਈ ਹੀ ਸਬਜ਼ੀਆਂ ਫਲ ਜਾਂ ਫ਼ਸਲਾਂ ਉਗਾਉਣੀਆਂ ਹਨ। ਕੁਦਰਤ ਲਈ ਕੋਈ ਅਮੀਰ ਗ਼ਰੀਬ ਨਹੀਂ ਹੈ। ਉਹ ਸਭ ਦੀ ਸਾਂਝੀ ਹੈ। ਧਰਤੀ ਬ੍ਰਹਿਮੰਡ ਸਭ ਲਈ ਸਾਂਝੇ ਹਨ। ਕੋਈ ਤੇਰ ਮੇਰ ਨਹੀਂ ਹੈ।

ਸਾਨੂੰ ਧਰਤੀ ਦੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ, ਜੋ ਸਾਨੂੰ ਮੁਫ਼ਤ ਵਿਚ ਆਪਣੀਆਂ ਦਾਤਾਂ ਵੰਡ ਰਹੀ ਹੈ।ਉਸ ਦੇ ਕਰਕੇ ਹੀ ਅਸੀਂ ਇਥੇ ਜਿਊਂਦੇ ਵਸਦੇ ਹਾਂ। ਉਸ ਦੇ ਅੰਮ੍ਰਿਤ ਵਰਗੇ ਪਾਣੀ ਨੂੰ ਸਾਫ਼ ਨਿਰਮਲ ਹੀ ਰਹਿਣ ਦੇਈਏ, ਨਾ ਕਿ ਕੂੜਾ ਗੰਦ ਸੁੱਟ ਸੁੱਟ ਗੰਦਾ ਕਰੀਏ। ਸਾਡੀ ਅਣਗਹਿਲੀ ਕਾਰਨ ਅੱਜ ਸਭ ਨਹਿਰਾਂ ਦਰਿਆ ਪਲੀਤ ਹੋਏ ਪਏ ਹਨ। ਜੋ ਪਾਣੀ ਸਾਡੇ ਲਈ ਕਰੋੜਾਂ ਵਰ੍ਹਿਆਂ ਤੋਂ ਤਿਆਰ ਹੋ ਕੇ ਆ ਰਿਹਾ ਸੀ ਬੇਰਹਿਮੀ ਨਾਲ ਵਗਾ ਵਗਾ ਕੇ ਮੁਕਾ ਰਹੇ ਹਾਂ। ਸਦੀਆਂ ਤੋਂ ਸਵੱਛ ਹਵਾ ਵਹਿੰਦੀ ਚਲੀ ਆ ਰਹੀ ਸੀ, ਅਸਲੀ ਫ਼ਸਲਾਂ ਪੈਦਾ ਹੋ ਰਹੀਆਂ ਸਨ। ਜ਼ਹਿਰਾਂ ਮਿਲਾ ਕੇ ਦੂਸ਼ਿਤ ਕਰ ਦਿੱਤੀਆਂ। ਆਪਣੇ ਪੈਰ ਆਪ ਹੀ ਕੁਹਾੜਾ ਮਾਰ ਲਿਆ। ਅਜੇ ਵੀ ਅਸੀਂ ਬਚਾਓ ਕਰ ਸਕਦੇ ਹਾਂ।ਇਹੀ ਸਾਡੇ ਮਾਂ ਪਿਓ ਹਨ। ਸਾਡੀ ਛੱਤਰ ਛਾਇਆ, ਸਾਡੇ ਰਾਖੇ ਹਨ, ਜਿਨ੍ਹਾਂ ਕਾਰਨ ਹੀ ਪੇੜ ਪੌਦੇ ਜੀਵ ਜੰਤੂ ਹਨ, ਮਨੁੱਖ ਜਾਤੀ ਹੈ। ਧਰਤੀ ਪਾਣੀ ਹਵਾ ਨਹੀਂ ਬਣਾ ਸਕਦੇ। ਇਨ੍ਹਾਂ ਦਾ ਦੇਣਾ ਦੇ ਨਹੀਂ ਸਕਦੇ। ਇਨ੍ਹਾਂ ਨੂੰ ਹੀ ਨਮਸਕਾਰ ਕਰੀਏ। ਸੇਵਾ ਸੰਭਾਲ ਕਰੀਏ। ਇਹੀ ਸਾਡੇ ਰੱਬ, ਸਾਡੀ ਸ਼ਕਤੀ ਹਨ। ਇਨਸਾਨ ਤਾਂ ਇਸ ਸ੍ਰਿਸ਼ਟੀ ਮੁਕਾਬਲੇ ਬਹੁਤ ਤੁੱਛ ਜਿਹਾ ਜੀਵ ਹੈ।ਇਕ ਦੂਸਰੇ ਦੀ ਭਲਾਈ ਕਰੀਏ, ਕਦਰ ਕਰੀਏ।'ਸਭਨਾਂ ਮਨ ਮਾਣਕ ਹਿਕ ਨਾ ਕਾਹੇ ਠਾਹੀਦਾ।'

8427853313

## ਅਜ਼ਾਬ- ਏ-ਕਬਰ



ਹਦੀਸ ਸ਼ਰੀਫ਼ ਵਿਚ ਕਬਰ ਦੇ ਅਜ਼ਾਬ ਦਾ ਜ਼ਿਕਰ ਆਉਂਦਾ ਹੈ। ਐਸੀ ਮਾਨਤਾ ਹੈ ਕਿ ਜਦੋਂ ਮੁਰਦੇ ਨੂੰ ਦਫ਼ਨ ਕਰ ਕੇ ਲੋਕ ਵਾਪਸ ਆ ਜਾਂਦੇ ਹਨ ਤਾਂ ਅੱਲਾਹ ਦੇ ਦੋ ਫ਼ਰਿਸ਼ਤੇ ਮੁਨਕਰ ਅਤੇ ਨਕੀਰ ਮੁਰਦੇ ਪਾਸ ਆ ਜਾਂਦੇ ਹਨ। ਮੁਰਦੇ ਵਿਚ ਰੂਹ ਦਾ ਦੁਬਾਰਾ ਪ੍ਰਵੇਸ਼ ਕਰਵਾਇਆ ਜਾਂਦਾ ਹੈ। ਫ਼ਰਿਸ਼ਤੇ ਉਸ ਨੂੰ ਸਵਾਲ ਪੁੱਛਦੇ ਹਨ ਕਿ ਤੇਰਾ ਰੱਬ ਕੌਣ ਹੈ?

ਤੇਰਾ ਰਸੂਲ ਕੌਣ ਹੈ? ਤੇਰਾ ਦੀਨ ਕਿਹੜਾ ਹੈ? ਜੇ ਮੁਰਦਾ ਜ਼ਿੰਦਗੀ ਦੌਰਾਨ ਤੌਹੀਦ-ਪ੍ਰਸਤ ਰਿਹਾ ਹੋਵੇ ਤਾਂ ਉਹ ਸਹੀ ਜੁਆਬ ਦਿੰਦਾ ਹੈ ਕਿ ਉਸ ਦਾ ਰੱਬ ਐਲਾਹ ਹੈ, ਹਜ਼ਰਤ ਮੁਹੰਮਦ ਸਾਹਿਬ ਉਸ ਦੇ ਰਸੂਲ ਹਨ ਅਤੇ ਉਸ ਦਾ ਦੀਨ ਇਸਲਾਮ ਹੈ। ਐਸੀ ਮਾਨਤਾ ਹੈ ਕਿ ਇਸ ਤੋਂ ਬਾਅਦ ਉਸ ਦੀ ਕਬਰ ਸੱਤਰ ਗੁਣਾ ਚੌੜੀ ਕਰ ਦਿੱਤੀ ਜਾਂਦੀ ਹੈ, ਉਹ ਆਰਾਮ ਨਾਲ ਲੇਟ ਜਾਂਦਾ ਹੈ ਜਿਵੇਂ ਸੌਂ ਰਿਹਾ ਹੋਵੇ। ਜਿਹੜੇ ਵਿਅਕਤੀ ਮੁਨਕਿਰ ਅਤੇ ਮੁਸ਼ਰਿਕ ਹੁੰਦੇ ਹਨ, ਉਹ ਫ਼ਰਿਸ਼ਤਿਆਂ ਨੂੰ ਸਹੀ ਜੁਆਬ ਨਹੀਂ ਦੇ ਸਕਦੇ, ਉਨ੍ਹਾਂ ਦੀਆਂ ਕਬਰਾਂ ਤੰਗ ਕਰ ਦਿੱਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਕਸ਼ਟ ਪਹੁੰਚਦਾ ਰਹਿੰਦਾ ਹੈ, ਇਸ ਨੂੰ ਅਜ਼ਾਬ-ਏ-ਕਬਰ ਕਿਹਾ ਜਾਂਦਾ ਹੈ।

• ਪ੍ਰੋ. ਗੁਰਚਰਨ ਸਿੰਘ ਤਲਵਾੜਾ
94634-63193

**ਗੀਤਾ ਅਨੁਸਾਰ ਆਤਮਾ ਅਮਰ ਹੈ। ਇਹ ਹਰ ਵਾਰ ਆਪਣਾ ਰੂਪ ਬਦਲਦੀ ਹੈ। ਇਸ 'ਚ ਕਰਮ ਨੂੰ ਮਹੱਤਤਾ ਦਿੱਤੀ ਗਈ ਹੈ, ਫਲ ਆਪੇ ਮਿਲ ਜਾਂਦਾ ਹੈ...**



## ਸੰਪੂਰਨ ਸ਼ਾਸਤਰ ਹੈ ਗੀਤਾ

ਕਈ ਸਵਾਲਾਂ 'ਤੇ ਸਵਾਲ ਖੜ੍ਹੇ ਕਰਨ ਪਿਛੋਂ ਅਰਜਨ ਨੇ ਕਿਹਾ ਮੇਰਾ ਮੋਹ ਤੋਂ ਪੈਦਾ ਹੋਇਆ ਗਿਆਨ ਖ਼ਤਮ ਹੋ ਗਿਆ ਹੈ। ਮੈਂ ਸਮਰਿਤੀ ਨੂੰ ਪ੍ਰਾਪਤ ਹੋਇਆ ਹਾਂ। ਮੈਂ ਤੁਹਾਡੇ ਆਦੇਸ਼ ਦਾ ਪਾਲਣ ਕਰਾਂਗਾ। ਨਿਰਾਸ਼ ਹੋਏ ਅਰਜਨ ਨੇ ਧਨੁਸ਼ ਚੁੱਕ ਲਿਆ ਅਤੇ ਯੁੱਧ 'ਚ ਕੁੱਦ ਪਿਆ। ਉਸ ਨੂੰ ਜਿੱਤ ਨਸੀਬ ਹੋਈ। ਸੰਪੂਰਨ ਧਰਮਾਤਮਾ ਯੁਧਿਸ਼ਟਰ ਰਾਜ ਗੱਦੀ 'ਤੇ ਬੈਠੇ। ਧਰਮ ਸਾਮਰਾਜ ਸਥਾਪਤ ਹੋ ਗਿਆ। ਇਕ ਧਰਮਸ਼ਾਸਤਰ ਦੇ ਰੂਪ 'ਚ ਗੀਤਾ ਮੁੜ ਸਦਾ ਲਈ ਪ੍ਰਸਾਰਤ ਹੋ ਗਈ। ਮਹਾਰਿਸ਼ੀ ਵੇਦਵਿਆਸ ਨੇ ਸ਼ਰਵਣ ਪ੍ਰੰਪਰਾ ਤੋਂ ਹਟ ਕੇ ਪਹਿਲਾਂ ਤੋਂ ਚੱਲੇ ਆ ਰਹੇ ਸਾਰੇ ਗਿਆਨ ਨੂੰ ਲਿਪੀਬਧ ਕਰ ਦਿੱਤਾ। ਚਾਰ ਵੇਦ, ਭਾਗਵਤ, ਮਹਾਭਾਰਤ, ਬ੍ਰਹਮ ਸੂਤਰ ਅਤੇ ਗੀਤਾ। ਅੰਤ 'ਚ ਖ਼ੁਦ ਹੀ ਉਨ੍ਹਾਂ ਨੇ ਦੱਸਿਆ ਕਿ ਇਨ੍ਹਾਂ 'ਚ ਸ਼ਾਸਤਰ ਕੌਣ ਹੈ। 'ਗੀਤ ਸੁਗੀਤਾ ਕਰਤੱਵਿਆ' ਗੀਤਾ ਚੰਗੀ ਤਰ੍ਹਾਂ ਪੜ੍ਹ ਕੇ ਹਿਰਦੇ 'ਚ ਧਾਰਨ ਕਰਨ ਯੋਗ ਹੈ। ਉਹ ਭਗਵਾਨ ਪਦਮਾਨਾਭ ਦੇ ਮੁੱਖੋਂ ਨਿਕਲੀ ਬਾਣੀ ਹੈ। ਫਿਰ ਹੋਰ ਸ਼ਾਸਤਰਾਂ 'ਚ ਉਲਝਣ ਦੀ ਕੀ ਲੋੜ ਹੈ? ਹੋਰ ਸ਼ਾਸਤਰਾਂ ਦੇ ਵਿਸਤਾਰ 'ਚ ਜਾਣ ਦੀ ਕੀ ਜ਼ਰੂਰਤ ਹੈ? ਇਹ ਇਕੱਲਾ ਹੀ ਸੰਪੂਰਨ ਸ਼ਾਸਤਰ ਹੈ। ਇਸ ਗੀਤਾ ਸ਼ਾਸਤਰ ਅਨੁਸਾਰ ਮਨੁੱਖ ਦੀ ਉਤਪਤੀ ਪ੍ਰਮਾਤਮਾ ਤੋਂ ਹੋਈ ਹੈ।

-ਪਰਮਹੰਸ ਸਵਾਮੀ ਅੜਗੜਾਨੰਦ

# ਕਿਸ਼ੋਰ ਅਵਸਥਾ ਤੋਂ ਹੀ ਬੱਚਿਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਸਮੇਂ ਦੀ ਮੁੱਖ ਲੋੜ: ਸੁਖਜਿੰਦਰ ਬਾਜਵਾ




**ਪਟਿਆਲਾ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ,ਸਪੈਸ਼ਲ ਡੀ ਜੀ ਪੀ ਕਮਾਊਨਟੀ ਅਫੇਅਰ ਗੁਰਪ੍ਰੀਤ ਕੌਰ ਦਿਉਂ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ, ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ,ਐਸ ਪੀ ਹੈਡਕੁਆਰਟਰ- ਕਮ ਜ਼ਿਲਾ ਕਮਾਊਨਟੀ ਅਫੇਅਰ ਅਫ਼ਸਰ ਵੈਭਵ ਚੋਧਰੀ ਦੀ ਅਗਵਾਈ ਹੇਠ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਯੁੱਧ ਨਸ਼ਿਆਂ ਵਿਰੁੱਧ, ਨਸ਼ਾ ਮੁਕਤ ਭਾਰਤ ਅਭਿਆਨ ਮੁਹਿੰਮ ਤਹਿਤ ਅਤੇ ਜਿਲਾ ਸਾਂਝ ਕੇਂਦਰ ਵੱਲੋਂ ਪਬਲਿਕ ਨੂੰ ਇੱਕ ਪਲੇਟਫਾਰਮ ਤੇ ਇੱਕਠੀਆਂ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਬਾਰੇ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਮੈਂਬਰ ਜ਼ਿਲ੍ਹਾ ਸਾਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੋਸਲਿੰਗ ਸੈਲ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸ਼ਿਰਕਤ ਕੀਤੀ।

ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸਾਰੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਐਸ ਆਈ ਜਸਪਾਲ ਸਿੰਘ ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2, ਰੁਦਰਪ੍ਰਤਾਪ ਸਿੰਘ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਵਰਿੰਦਰ ਸਿੰਘ ਖਰੋੜ ਅਪਰੇਟਰ ਸਾਂਝ ਕੇਂਦਰ, ਭਿੰਦਰ ਜਲਵੇੜਾ, ਹਰਮਨਜੀਤ ਸਿੰਘ ਰੰਧਾਵਾ ਵੀ ਹਜਾਰ ਸਨ ।ਇਸ ਮੌਕੇ ਸੰਬੋਧਨ ਕਰਦਿਆ ਸੁਖਜਿੰਦਰ ਸਿੰਘ ਬਾਜਵਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਨੋਜਵਾਨਾਂ ਨੂੰ ਕਿਸ਼ੋਰ ਅਵਸਥਾ ਵਿੱਚ ਹੀ ਨਸ਼ਿਆਂ ਵਿਰੁੱਧ ਜਾਗਰੂਕਤਾ ਕਰਨਾ ਅਜੋਕੇ ਸਮੇਂ ਦੀ ਮੁੱਖ ਲੋੜ ਹੈ। ਉਹਨਾਂ ਕਿਹਾ ਕਿ ਨਸ਼ਿਆਂ ਕਾਰਨ ਸਾਡੀ ਨੌਜਵਾਨ ਪੀੜ੍ਹੀ ਮੌਤ ਦੇ ਮੂੰਹ ਵਿੱਚ ਜਾਂ ਰਹੀ ਹੈ ਜੋਂ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਉਹਨਾਂ ਪਬਲਿਕ ਨੂੰ ਅਪੀਲ ਕੀਤੀ ਕਿ ਉਹੋ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਜੰਗ ਵਿੱਚ ਅੱਗੇ ਆ ਕੇ ਸਹਿਯੋਗ ਕਰਨ ਤਾ ਹੀ ਅਸੀਂ ਨਸ਼ਿਆਂ ਨੂੰ ਪੰਜਾਬ ਵਿਚੋਂ ਜੜੋਂ ਖਤਮ ਕਰ ਸਕਾਗੇ ?। ਉਹਨਾਂ ਕਿਹਾ ਕਿ ਜਿਥੇ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਵੱਖ ਵੱਖ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਪਿੰਡਾਂ , ਸ਼ਹਿਰਾਂ, ਕਸਬਿਆਂ ਵਿੱਚ ਵਿੱਚ ਜਾਂ ਕੇ ਵਿਦਿਆਰਥੀਆਂ, ਨੋਜਵਾਨਾਂ ਅਤੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ ਉਥੇ ਹੀ ਉਹਨਾਂ ਨੂੰ ਸਾਂਝ ਕੇਂਦਰਾਂ ਵਲੋਂ ਇੱਕ ਪਲੇਟਫਾਰਮ ਤੇ ਇੱਕਠੀਆਂ 44 ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ,ਜਿਸ ਵਿੱਚ ਅਸਲਾ ਲਾਇਸੈਂਸ, ਪਾਸਪੋਰਟ ਵੈਰੀਫਿਕੇਸ਼ਨ, ਕੋਈ ਵੀ ਦਸਤਾਵੇਜ਼ ਗੁੰਮ ਹੋਣ ਤੇ ਐਫ .ਆਈ. ਆਰ ਇਸ ਤੋਂ ਇਲਾਵਾ ਅਨੇਕਾਂ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ ਇਸ ਦਾ ਫਾਇਦਾ ਪਬਲਿਕ ਨੂੰ ਉਠਾਉਣਾ ਚਾਹੀਦਾ ਹੈ ।ਇਸ ਮੌਕੇ ਸੁਖਜਿੰਦਰ ਸਿੰਘ ਨੇ ਕਿਹਾ ਕਿ ਸ਼ਕਤੀ ਐਪ,ਪੀ ਪੀ ਸਾਂਝ ਐਪ ਅਤੇ ਸਾਈਬਰ ਸੁਰੱਖਿਆ, ਬੱਚਿਆਂ ਔਰਤਾਂ , ਬੁਜ਼ੁਰਗਾਂ ਦੀ ਸੁਰੱਖਿਆ ਲਈ ਸ਼ੁਰੂ ਕੀਤੇ 112,181,1091 ਨੰਬਰਾਂ ਬਾਰੇ ਵੀ ਵੱਖ ਵੱਖ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਜਾਂ ਕੇ ਵਿਦਿਆਰਥੀਆਂ ਨੂੰ ਵੱਖ ਵੱਖ ਪਿੰਡਾਂ ਸ਼ਹਿਰਾਂ, ਕਸਬਿਆਂ ਵਿੱਚ ਜਾਂ ਕੇ ਪਬਲਿਕ ਨੂੰ ਜਾਣਕਾਰੀ ਦਿੱਤੀ ਜਾ ਰਹੀ।

# ਸੀਬੀਆਈ ਵੱਲੋਂ ਪਟਿਆਲਾ 'ਚ ਬੀਐੱਚ ਪ੍ਰਾਪਰਟੀਜ਼ ਦੇ ਮਾਲਕ ਦੇ ਘਰ 'ਤੇ ਛਾਪਾ

## ਭੁੱਲਰ ਤੋਂ ਕੀਤੀ ਪੁੱਛਗਿੱਛ ਅਤੇ ਸੀਬੀਆਈ ਨੂੰ ਮਿਲੇ ਦਸਤਾਵੇਜ਼ਾਂ ਵਿਚ ਬੀਐਚ ਪ੍ਰਾਪਰਟੀਜ਼ ਦਾ ਨਾਮ ਸਾਹਮਣੇ ਆਉਣ ਦਾ ਦਾਅਵਾ



**ਪਟਿਆਲਾ, 7 ਨਵੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਪੜ ਰੇਂਜ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਬਾਰੇ ਕੁਝ ਅਹਿਮ ਜਾਣਕਾਰੀ ਮਿਲਣ ਤੋਂ ਬਾਅਦ ਸੀਬੀਆਈ ਦੀ ਇੱਕ ਟੀਮ ਨੇ ਅੱਜ ਪਟਿਆਲਾ ਵਿੱਚ ਬੀਐੱਚ ਪ੍ਰਾਪਰਟੀਜ਼ ਦੇ ਮਾਲਕ ਭੁਪਿੰਦਰ ਸਿੰਘ ਦੇ ਘਰ ਛਾਪਾ ਮਾਰਿਆ ਹੈ। ਭੁੱਲਰ ਪਹਿਲਾਂ ਹੀ ਸੀਬੀਆਈ ਦੀ ਗ੍ਰਿਫ਼ਤ ਵਿਚ ਹੈ। ਜਾਣਕਾਰੀ ਅਨੁਸਾਰ ਸੀਬੀਆਈ ਦੀ ਟੀਮ ਭੁਪਿੰਦਰ ਸਿੰਘ ਦੇ ਘਰ ਪਹੁੰਚੀ ਤੇ ਉਥੇ ਤਲਾਸ਼ੀ ਲਈ। ਇਸ ਦੌਰਾਨ ਟੀਮ ਨੇ ਕਿਸੇ ਨੂੰ ਵੀ ਅੰਦਰ ਜਾਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ। ਸੂਤਰਾਂ ਦਾ ਕਹਿਣਾ ਹੈ ਕਿ ਭੁੱਲਰ ਤੋਂ ਲਗਾਤਾਰ ਪੁੱਛਗਿੱਛ ਅਤੇ ਸੀਬੀਆਈ ਨੂੰ ਮਿਲੇ ਕੁਝ ਦਸਤਾਵੇਜ਼ਾਂ ਵਿਚ ਬੀਐਚ ਪ੍ਰਾਪਰਟੀਜ਼ ਦਾ ਨਾਮ ਸਾਹਮਣੇ ਆਇਆ, ਹਾਲਾਂਕਿ ਅਧਿਕਾਰੀ ਇਸ ਮਾਮਲੇ 'ਤੇ ਚੁੱਪ ਹਨ। ਸੂਤਰਾਂ ਮੁਤਾਬਕ ਬੀਐੱਚ ਪ੍ਰਾਪਰਟੀ ਵਾਲਿਆਂ ਨੇ ਭੁੱਲਰ ਨੂੰ ਬਨੂੜ ਨੇੜੇ ਕੋਈ ਜ਼ਮੀਨ ਦਿਵਾਈ ਸੀ ਜਿਸ ਸਬੰਧੀ ਹੀ ਸੀਬੀਆਈ ਵੱਲੋਂ ਇਹ ਛਾਪਾ ਮਾਰਿਆ ਗਿਆ ਹੈ।

ਸੀਬੀਆਈ ਦੀਆਂ ਟੀਮਾਂ ਨੇ ਅੱਜ ਸਵੇਰੇ 7.30 ਵਜੇ ਦੇ ਕਰੀਬ ਪਟਿਆਲਾ ਦੇ ਮੋਤੀ ਬਾਗ ਸਥਿਤ ਭੁਪਿੰਦਰ ਦੇ ਘਰ ਦਸਤਕ ਦਿੱਤੀ। ਖ਼ਬਰ ਲਿਖੇ ਜਾਣ ਤੱਕ ਤਲਾਸ਼ੀ ਮੁਹਿੰਮ ਜਾਰੀ ਸੀ। ਬੀਐੱਚ ਪ੍ਰਾਪਰਟੀਜ਼ ਇੱਕ ਜਾਣਿਆ-ਪਛਾਣਿਆ ਪ੍ਰਾਪਰਟੀ ਸਲਾਹਕਾਰ ਅਤੇ ਡੀਲਰ ਹੈ ਜੋ ਪਟਿਆਲਾ ਅਤੇ ਮੁਹਾਲੀ ਵਿੱਚ ਕਈ ਰੀਅਲ ਅਸਟੇਟ ਪ੍ਰੋਜੈਕਟਾਂ ਦਾ ਮਾਲਕ ਹੈ। ਉਸ ਦੇ ਪਟਿਆਲਾ ਅਤੇ ਚੰਡੀਗੜ੍ਹ ਵਿੱਚ ਤਾਇਨਾਤ ਕਈ ਚੋਟੀ ਦੇ ਆਗੂਆਂ, ਅਧਿਕਾਰੀਆਂ ਅਤੇ ਪੁਲੀਸ ਮੁਲਾਜ਼ਮਾਂ ਨਾਲ ਨੇੜਲੇ ਸਬੰਧ ਹਨ।

ਇਹ ਛਾਪਾ ਅਜਿਹੇ ਮੌਕੇ ਮਾਰਿਆ ਗਿਆ ਹੈ ਜਦੋਂ ਅਜੇ ਇਕ ਦਿਨ ਪਹਿਲਾਂ ਮੁਹਾਲੀ ਕੋਰਟ ਨੇ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਰੋਪੜ ਰੇਂਜ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿੱਚ ਪੇਸ਼ਗੀ ਵਾਰੰਟ ਜਾਰੀ ਕਰਨ ਸਬੰਧੀ ਅਰਜ਼ੀ ਨੂੰ 'ਬੇਅਰਥ' ਦੱਸਿਆ ਹੈ। ਸੀਬੀਆਈ ਨੇ ਕੋਰਟ ਦੇ ਇਸ ਫੈਸਲੇ ਨੂੰ 'ਆਪਣੀ ਜਾਂਚ ਨੂੰ ਨਿਰਾਸ਼ ਕਰਨ ਦੀ ਕੋਸ਼ਿਸ਼' ਕਿਹਾ ਸੀ।

ਭੁੱਲਰ ਨੂੰ 31 ਅਕਤੂਬਰ ਨੂੰ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿੱਚ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿੱਚ ਵਿਜੀਲੈਂਸ ਬਿਊਰੋ ਵੱਲੋਂ 'ਰਸਮੀ ਤੌਰ 'ਤੇ ਗ੍ਰਿਫ਼ਤਾਰ' ਦਿਖਾਇਆ ਗਿਆ ਸੀ, ਜਦੋਂ ਕਿ ਉਸ ਵੇਲੇ ਉਹ ਸੀਬੀਆਈ ਦੀ 'ਨਿਆਂਇਕ ਹਿਰਾਸਤ' ਵਿੱਚ ਸੀ।

ਸੀਬੀਆਈ ਨੇ ਭੁੱਲਰ ਨੂੰ 16 ਅਕਤੂਬਰ ਨੂੰ ਦਲਾਲ ਕ੍ਰਿਸ਼ਨੂ ਸ਼ਾਰਦਾ ਜ਼ਰੀਏ 8 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਸੀ। ਮਗਰੋਂ ਭੁੱਲਰ ਦੇ ਚੰਡੀਗੜ੍ਹ ਸਥਿਤ ਘਰ ਤੇ ਹੋਰਨਾਂ ਥਾਵਾਂ 'ਤੇ ਮਾਰੇ ਛਾਪੇ ਦੌਰਾਨ ਸੀਬੀਆਈ ਦੀ ਟੀਮ ਨੇ 7.5 ਕਰੋੜ ਰੁਪਏ ਦੀ ਨਗਦੀ, 2.5 ਕਿਲੋ ਸੋਨੇ ਦੇ ਗਹਿਣੇ, 26 ਲਗਜ਼ਰੀ ਘੜੀਆਂ, ਦੋ ਮਹਿੰਗੀਆਂ ਕਾਰਾਂ, 100 ਲਿਟਰ ਸ਼ਰਾਬ ਅਤੇ 50 ਅਚੱਲ ਜਾਇਦਾਦਾਂ ਨਾਲ ਸਬੰਧਤ ਦਸਤਾਵੇਜ਼ ਬਰਾਮਦ ਕੀਤੇ ਸਨ। ਭੁੱਲਰ ਦੇ ਵਕੀਲ ਨੇ ਹਾਲਾਂਕਿ ਇਨ੍ਹਾਂ ਜ਼ਬਤੀਆਂ ਦਾ ਇਹ ਕਹਿ ਕੇ ਵਿਰੋਧ ਕੀਤਾ ਸੀ ਇਹ ਜੱਦੀ ਜਾਇਦਾਦ ਨਾਲ ਸਬੰਧਤ ਹਨ।

# ਵਿਧਾਇਕ ਕੋਹਲੀ ਤੇ ਮੇਅਰ ਗੋਗੀਆ ਵੱਲੋਂ ਵਾਰਡ ਨੰਬਰ 49 'ਚ 70 ਲੱਖ ਰੁਪਏ ਨਾਲ ਵਿਕਾਸ ਕਾਰਜ ਦੀ ਨਵੀਂ ਸ਼ੁਰੂਆਤ




**ਪਟਿਆਲਾ, 7 ਨਵੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਵਿਕਾਸ ਨੂੰ ਨਵੀਂ ਰਫ਼ਤਾਰ ਦੇਣ ਲਈ ਪਟਿਆਲਾ ਦੇ ਵਿਧਾਇਕ ਸ. ਅਜੀਤਪਾਲ ਸਿੰਘ ਕੋਹਲੀ ਅਤੇ ਮੇਅਰ ਸ. ਕੁੰਦਨ ਗੋਗੀਆ ਵੱਲੋਂ ਵਾਰਡ ਨੰਬਰ 49 ਵਿੱਚ 70 ਲੱਖ ਰੁਪਏ ਦੀ ਲਾਗਤ ਨਾਲ ਸੜਕ ਅਤੇ ਸੀਵਰੇਜ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਹੇਠ ਸ਼ਹਿਰਾਂ ਵਿੱਚ ਢਾਂਚਾਗਤ ਸੁਧਾਰ ਲਈ ਵਚਨਬੱਧਤਾ ਨਾਲ ਕੰਮ ਕੀਤਾ ਜਾ ਰਿਹਾ ਹੈ। ਇਸ ਮੌਕੇ ਸ. ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਵਾਰਡ ਨੰਬਰ 49 ਵਿੱਚ ਕਾਫ਼ੀ ਸਮੇਂ ਤੋਂ ਸੜਕਾਂ ਅਤੇ ਸੀਵਰੇਜ ਦੀ ਹਾਲਤ ਖਰਾਬ ਸੀ, ਜਿਸ ਕਾਰਨ ਸਥਾਨਕ ਨਿਵਾਸੀਆਂ ਨੂੰ ਦਿਨਚਰਿਆ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਲੋਕਾਂ ਦੀਆਂ ਮੰਗਾਂ ਨੂੰ ਧਿਆਨ ਵਿੱਚ ਰੱਖਦਿਆਂ ਹੁਣ ਇੱਥੇ ਪੂਰੀ ਤਰ੍ਹਾਂ ਨਵੀਆਂ ਸੜਕਾਂ ਤੇ ਅਧੁਨਿਕ ਸੀਵਰੇਜ ਪ੍ਰਣਾਲੀ ਤਿਆਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਹਰ ਵਾਰਡ ਵਿੱਚ ਸਮਾਨ ਵਿਕਾਸ ਕਰਨਾ ਅਤੇ ਲੋਕਾਂ ਨੂੰ ਸੁਵਿਧਾਵਾਂ ਉਪਲਬਧ ਕਰਵਾਉਣਾ ਹੈ।

ਮੇਅਰ ਸ. ਕੁੰਦਨ ਗੋਗੀਆ ਨੇ ਕਿਹਾ ਕਿ ਪਟਿਆਲਾ ਨਗਰ ਨਿਗਮ ਸ਼ਹਿਰ ਦੇ ਹਰੇਕ ਹਿੱਸੇ ਵਿੱਚ ਸਫਾਈ, ਪਾਣੀ, ਰੋਸ਼ਨੀ ਅਤੇ ਸੜਕਾਂ ਵਰਗੀਆਂ ਬੁਨਿਆਦੀ ਸਹੂਲਤਾਂ ਦੇ ਵਿਕਾਸ ਲਈ ਗੰਭੀਰਤਾ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵਾਰਡ ਨੰਬਰ 49 ਵਿੱਚ ਸ਼ੁਰੂ ਹੋਏ ਇਹ ਕੰਮ ਲੋਕਾਂ ਦੀਆਂ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਵੱਲ ਇੱਕ ਵੱਡਾ ਕਦਮ ਹੈ। ਇਸ ਪ੍ਰੋਜੈਕਟ ਦੇ ਪੂਰਾ ਹੋਣ ਤੋਂ ਬਾਅਦ ਨਾ ਸਿਰਫ਼ ਆਵਾਜਾਈ ਸੁਚਾਰੂ ਹੋਵੇਗੀ, ਸਗੋਂ ਸੀਵਰੇਜ ਦੀਆਂ ਸਮੱਸਿਆਵਾਂ ਤੋਂ ਵੀ ਮੁਕਤੀ ਮਿਲੇਗੀ।

ਇਸ ਮੌਕੇ ਉਨ੍ਹਾਂ ਨੇ ਸਥਾਨਕ ਨਿਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਵਿਕਾਸ ਕਾਰਜਾਂ ਦੀ ਗੁਣਵੱਤਾ 'ਤੇ ਖਾਸ ਧਿਆਨ ਰੱਖਿਆ ਜਾਵੇਗਾ ਅਤੇ ਇਹ ਕੰਮ ਨਿਰਧਾਰਿਤ ਸਮੇਂ ਵਿੱਚ ਪੂਰੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੀ ਟੀਮ ਹਰ ਪੱਧਰ 'ਤੇ ਨਿਗਰਾਨੀ ਕਰੇਗੀ ਤਾਂ ਜੋ ਪੈਸੇ ਦੀ ਪੂਰੀ ਵਰਤੋਂ ਵਿਕਾਸ ਕਾਰਜਾਂ ਲਈ ਹੋਵੇ।

ਇਸ ਮੌਕੇ ਕਈ ਕੌਂਸਲਰਾਂ, ਸਥਾਨਕ ਨੇਤਾਵਾਂ ਅਤੇ ਇਲਾਕਾ ਨਿਵਾਸੀਆਂ ਨੇ ਵਿਧਾਇਕ ਅਤੇ ਮੇਅਰ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਇਲਾਕੇ ਦੀਆਂ ਜ਼ਰੂਰਤਾਂ ਨੂੰ ਸਮਝਦੇ ਹੋਏ ਤੁਰੰਤ ਕਾਰਵਾਈ ਕੀਤੀ। ਲੋਕਾਂ ਨੇ ਆਸ ਜਤਾਈ ਕਿ ਆਉਣ ਵਾਲੇ ਸਮੇਂ ਵਿੱਚ ਪਟਿਆਲਾ ਸ਼ਹਿਰ ਨੂੰ ਹੋਰ ਸੁਵਿਧਾਜਨਕ ਅਤੇ ਖੂਬਸੂਰਤ ਬਣਾਉਣ ਲਈ ਅਜੇ ਹੋਰ ਵੀ ਕਈ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਸ. ਕੋਹਲੀ ਨੇ ਕਿਹਾ ਕਿ ਅਸੀਂ ਪਟਿਆਲਾ ਨੂੰ ਸਾਫ਼, ਸੁੰਦਰ ਤੇ ਵਿਕਸਤ ਸ਼ਹਿਰ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ। ਲੋਕਾਂ ਦੇ ਸਹਿਯੋਗ ਨਾਲ ਹਰ ਵਾਰਡ ਵਿੱਚ ਸਮਾਨ ਵਿਕਾਸ ਕਰਨਾ ਸਾਡੀ ਪਹਿਲ ਹੈ। ਇਸ ਮੌਕੇ ਵਾਰਡ ਨੰਬਰ 49 ਤੋਂ ਐਮ ਸੀ ਨੇਹਾ ਸਿੱਧੂ ਤੋਂ ਇਲਾਵਾ ਇਲਾਕਾ ਨਿਵਾਸੀ ਮੌਜੂਦ ਸਨ।

# ਰਿਪਦੁਮਨ ਕਾਲਜ ਸਟੇਡੀਅਮ ਵਿਖੇ 7ਵਾਂ ਨਾਭਾ ਕਬੱਡੀ ਕੱਪ 15 ਤੇ 16 ਨਵੰਬਰ ਨੂੰ



**ਨਾਭਾ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਜ਼ਾਦ ਵੈਲਫੇਅਰ ਐਂਡ ਸਪੋਰਟਸ ਕਲੱਬ ਰਜਿ. ਨਾਭਾ ਵਲੋਂ ਐਨ. ਆਰ. ਆਈ ਅਤੇ ਇਲਾਕਾ ਨਿਵਾਸੀਆ ਦੇ ਸਹਿਯੋਗ ਨਾਲ ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਦੀ ਅਗਵਾਈ ਹੇਠ ਦੋ ਦਿਨਾਂ 7ਵਾਂ ਨਾਭਾ ਕਬੱਡੀ ਕੱਪ ਮਿਤੀ 15 ਅਤੇ 16 ਨਵੰਬਰ, 2025 ਦਿਨ ਸ਼ਨੀ ਤੇ ਐਤਵਾਰ ਨੂੰ ਰਿਪੁਦਮਨ ਕਾਲਜ ਸਟੇਡੀਅਮ ਨਾਭਾ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਕਲੱਬ ਪ੍ਰਧਾਨ ਅਤੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਦੱਸਿਆ ਕਿ ਕਬੱਡੀ ਕੱਪ ਦੇ ਪਹਿਲੇ ਦਿਨ 15 ਨਵੰਬਰ ਨੂੰ 45, 55 ਅਤੇ 65 ਕਿਲੋ ਵਜ਼ਨ ਦੀਆਂ ਟੀਮਾਂ ਵਿਚਕਾਰ ਮੈਚ ਖੇਡੇ ਜਾਣਗੇ ਅਤੇ 16 ਨਵੰਬਰ ਨੂੰ ਅਖੀਰਲੇ ਦਿਨ ਸਵੇਰੇ 10 ਤੋਂ ਦੁਪਹਿਰ 12 ਵਜੇ ਤੱਕ ਕਬੱਡੀ 75 ਕਿਲੋ ਦੀਆਂ ਟੀਮਾਂ ਦੇ ਮੈਚ ਖੇਡੇ ਜਾਣਗੇ ਅਤੇ ਇਸ ਉਪਰੰਤ ਕਬੱਡੀ ਪੰਜਾਬ ਐਸੋਸੀਏਸ਼ਨ ਦੀਆਂ 8 ਅਕੈਡਮੀਆਂ ਵਿਚਕਾਰ ਹੋਣਗੇ ਫਸਵੇਂ ਮੁਕਾਬਲੇ ਹੋਣਗੇ। ਜਿਸ ਵਿੱਚ ਜੇਤੂ ਟੀਮ ਨੂੰ 2 ਲੱਖ ਅਤੇ ਦੂਜੇ ਸਥਾਨ ਵਾਲੀ ਟੀਮ ਨੂੰ 1.50 ਲੱਖ ਰੁਪਏ ਦੇ ਨਗਦ ਇਨਾਮ ਦਿੱਤੇ ਜਾਣਗੇ ਅਤੇ ਬੈਸਟ ਰੇਡਰ ਤੇ ਜਾਫੀ ਦਾ 51000-51000 ਹਜਾਰ ਰੁਪਏ ਨਾਲ ਸਨਮਾਨਤ ਕੀਤਾ ਜਾਵੇਗਾ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਦੱਸਿਆ ਕਿ ਇਸ ਮੌਕੇ ਇਨਾਮਾਂ ਦੀ ਵੰਡ ਉਪਰੰਤ ਨਾਮੀਂ ਗਾਇਕ ਆਰ ਨੇਤ, ਹਰਜੀਤ ਹਰਮਨ, ਸੱਭਾ, ਜੈਲੀ, ਕੁਲਵਿੰਦਰ ਸੋਹੀ, ਗਾਇਕਾ ਤੇ ਉੱਘੀ ਮੰਚ ਸੰਚਾਲਿਕਾ ਸਤਿੰਦਰ ਸੱਤੀ, ਅੰਮ੍ਰਿਤਾ ਢਿੱਲੋਂ ਤੇ ਐੱਸ ਕੌਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ।

# ਸੀ.ਐਮ. ਦੀ ਯੋਗਸ਼ਾਲਾ ਤਹਿਤ ਪਟਿਆਲਾ ਜਿਲ੍ਹੇ 'ਚ ਚੱਲ ਰਹੀਆਂ ਯੋਗ ਕਲਾਸਾਂ ਨਾਲ ਲੋਕਾਂ ਵਿੱਚ ਉਤਸ਼ਾਹ



**ਪਟਿਆਲਾ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬੀਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਮਜਬੂਤ ਬਣਾਉਣ ਲਈ ÷ਸੀ.ਐਮ. ਦੀ ਯੋਗਸ਼ਾਲਾ÷ ਮੁਹਿੰਮ ਜਾਰੀ ਹੈ ਜਿਸ ਦਾ ਮੁੱਖ ਉਦੇਸ਼ ਪੰਜਾਬ ਦੇ ਹਰੇਕ ਵਸਨੀਕ ਨੂੰ ਤੰਦਰੁਸਤ ਜੀਵਨ ਸ਼ੈਲੀ ਅਪਨਾਉਣ, ਤਣਾਅ ਮੁਕਤ ਰਹਿਣ ਅਤੇ ਪ੍ਰਾਕ੍ਰਿਤਿਕ ਤਰੀਕਿਆਂ ਰਾਹੀਂ ਸਿਹਤਮੰਦ ਬਣਨ ਲਈ ਪ੍ਰੇਰਿਤ ਕਰਨਾ ਹੈ।

ਸੀ.ਐਮ. ਯੋਗਸ਼ਾਲਾ ਤਹਿਤ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਨਿਯਮਤ ਤੌਰ 'ਤੇ ਯੋਗ ਕਲਾਸਾਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਇਹ ਕਲਾਸਾਂ ਸਿਰਫ ਸਵੇਰੇ ਦੇ ਸਮੇਂ ਤੱਕ ਹੀ ਸੀਮਿਤ ਨਹੀਂ ਹਨ, ਸਗੋਂ ਲੋਕਾਂ ਦੀ ਸੁਵਿਧਾ ਮੁਤਾਬਕ ਵੱਖ-ਵੱਖ ਸਮਿਆਂ 'ਤੇ ਵੀ ਆਯੋਜਿਤ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਹਰ ਉਮਰ ਅਤੇ ਵਰਗ ਦੇ ਲੋਕ ਇਸ ਵਿੱਚ ਭਾਗ ਲੈ ਸਕਣ।

ਸੀ.ਐਮ. ਯੋਗਸ਼ਾਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਰਜਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਰਾਧਾ ਕ੍ਰਿਸ਼ਨਾ ਮੰਦਿਰ ਨੂਰਵਾਲਾ (ਟ੍ਰੇਨਰ ਚਰਨ ਸਿੰਘ) ਰਾਜਪੁਰਾ, ਗੁਰਦੁਆਰਾ ਸਾਹਿਬ ਸਿੰਘ ਯੋਗ (ਟ੍ਰੇਨਰ ਮੌਜੀ) ਨਾਭਾ ਅਤੇ ਵਿਸ਼ਵ ਕਰਮਾ ਮੰਦਿਰ ਘਨੌਰ ਪਟਿਆਲਾ (ਟ੍ਰੇਨਰ ਮਨਦੀਪ ਸਿੰਘ) 'ਤੇ ਤਜਰਬੇਕਾਰ ਟ੍ਰੇਨਰਾਂ ਦੀ ਰਹਿਨੁਮਾਈ ਹੇਠ ਯੋਗ ਸੈਸ਼ਨ ਨਿਯਮਤ ਤੌਰ 'ਤੇ ਚਲ ਰਹੇ ਹਨ। ਇਨ੍ਹਾਂ ਸੈਸ਼ਨਾਂ ਵਿੱਚ ਰਿਲੈਕਸੇਸ਼ਨ, ਧਿਆਨ, ਹੱਸਣ ਦੀ ਥੈਰੇਪੀ, ਤਾਲੀ ਥੈਰੇਪੀ, ਯੌਗ ਆਸਨ ਅਤੇ ਪ੍ਰਾਣਾਯਾਮ ਵਰਗੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਇਹ ਸਭ ਗਤੀਵਿਧੀਆਂ ਸਰੀਰ ਅਤੇ ਮਨ ਦੋਹਾਂ ਨੂੰ ਸ਼ਾਂਤ, ਸੰਤੁਲਿਤ ਅਤੇ ਤਾਜ਼ਗੀ ਨਾਲ ਭਰਪੂਰ ਕਰਦੀਆਂ ਹਨ। ਵਿਸ਼ੇਸ਼ ਤੌਰ 'ਤੇ ਯੋਗ ਰਾਹੀਂ ਸਾਂਹ ਪ੍ਰਣਾਲੀ ਨੂੰ ਮਜ਼ਬੂਤ ਬਣਾਇਆ ਜਾਂਦਾ ਹੈ, ਜੋ ਮਨੁੱਖ ਨੂੰ ਤਣਾਅ ਤੋਂ ਮੁਕਤ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ।

ਰਜਿੰਦਰ ਸਿੰਘ ਨੇ ਕਿਹਾ ਕਿ ਲੋਕਾਂ ਦੀ ਵੱਧ ਰਹੀ ਦਿਲਚਸਪੀ ਦੇਖ ਕੇ ਹੁਣ ਹੋਰ ਪਿੰਡਾਂ ਅਤੇ ਸ਼ਹਿਰੀ ਇਲਾਕਿਆਂ ਵਿੱਚ ਵੀ ਇਹ ਪ੍ਰੋਗਰਾਮ ਵਧਾਏ ਜਾਣਗੇ।

# ਹਰਜਸ ਸਕੂਲ ਝੜੌਦੀ ਵਿਖੇ ਮਨਾਇਆ ਗੁਰੂ ਨਾਨਕ ਜੀ ਦਾ ਪ੍ਰਕਾਸ਼ ਪੁਰਬ

**ਮਾਛੀਵਾੜਾ ਸਾਹਿਬ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਧੰਨ ਧੰਨ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਦੁਨੀਆਂ ਭਰ ਵਿੱਚ ਬੜੀ ਸ਼ਰਧਾ ,ਉਤਸ਼ਾਹ ਅਤੇ ਚਾਵਾਂ ਨਾਲ ਮਨਾਇਆ ਜਾ ਰਿਹਾ ਹੈ।

ਮਾਛੀਵਾੜਾ ਸਾਹਿਬ ਨਜ਼ਦੀਕ ਪਿੰਡ ਝੜੌਦੀ ਵਿਖੇ ਸਥਿਤ ਹਰ ਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਪ੍ਰਿੰਸੀਪਲ ਮੈਨੇਜਮੈਂਟ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਰਲ ਮਿਲ ਕੇ ਗੁਰੂ ਨਾਨਕ ਸਾਹਿਬ ਜੀ ਦਾ ਅਵਤਾਰ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ।

ਸਕੂਲ ਪ੍ਰਬੰਧਕ ਪਰਮਜੀਤ ਸਿੰਘ ਨੇ ਜਾਣਕਾਰੀ ਦਿੰਦੀਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਵਿੱਚ ਧੰਨ ਗੁਰੂ ਨਾਨਕ ਦੇਵ ਜੀ ਪਹਿਲੀ ਪਾਤਸ਼ਾਹੀ ਦਾ ਪ੍ਰਕਾਸ਼ ਪੁਰਬ ਮਨਾਉਂਦਿਆਂ ਸਮੁੱਚੇ ਜਗਤ ਨੂੰ ਅੱਜ ਦੇ ਇਸ ਪਵਿੱਤਰ ਅਤੇ ਪਾਵਨ ਪੁਰਬ ਦੀਆਂ ਵਧਾਈਆਂ ਦਿੱਤੀਆਂ ਗਈਆਂ।

ਸਕੂਲ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਉਹਨਾਂ ਦੀਆਂ ਦਿੱਤੀਆਂ ਹੋਈਆਂ ਸਿੱਖਿਆਵਾਂ ਉੱਤੇ ਚੱਲਣ ਲਈ ਪ੍ਰੇਰਿਤ ਕੀਤਾ ।

# ਸਾਈਕਲ ਸਨਅਤ ਨੂੰ ਸਥਾਪਤ ਕਰਨ ਵਿੱਚ ਦਰਸ਼ਨ ਸਿੰਘ ਜੀ ਕੁਲਾਰ ਦਾ ਅਹਿਮ ਯੋਗਦਾਨ



**ਲੁਧਿਆਣਾ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫੈਡਰੇਸ਼ਨ ਆਫ ਇੰਡਸਟ੍ਰੀਅਲ ਐਂਡ ਕਮਰਸ਼ੀਅਲ ਆਰਗੇਨਾਈਜ਼ੇਸ਼ਨ (ਫੀਕੋ) ਦੇ ਪ੍ਰਧਾਨ ਸ. ਗੁਰਮੀਤ ਸਿੰਘ ਕੁਲਾਰ ਨੇ ਕਿਹਾ ਕਿ ਲੁਧਿਆਣਾ ਦਾ ਸਨਅਤੀ ਵਿਕਾਸ 'ਤੇ ਸਾਈਕਲ ਸਨਅਤ ਦਾ ਵਿਕਾਸ ਕਰਨ ਲਈ ਸ. ਦਰਸ਼ਨ ਸਿੰਘ ਕੁਲਾਰ ਵੱਲੋ ਅਹਿਮ ਭੂਮੀਕਾ ਅਦਾ ਕੀਤੀ ਗਈ ਹੈ 'ਤੇ ਓਹਨਾ ਨੂੰ ਸਾਈਕਲ ਸਨਅਤ ਨਾਲ ਸੰਬੰਧਿਤ ਨਵੀਆਂ ਖੋਜ ਕਰਨ ਲਈ ਟੈਕਨੋਕ੍ਰੇਟ ਵਜੋਂ ਵੀ ਜਾਣਿਆ ਜਾਂਦਾ ਹੈ।

ਗੁਰਮੀਤ ਸਿੰਘ ਕੁਲਾਰ ਨੇ ਕਿਹਾ ਕਿ ਅੱਜ ਦਰਸ਼ਨ ਕੁਲਾਰ ਸਮੂਹ ਵੱਲੋਂ ਸਥਾਪਨਾ ਦਿਵਸ ਮਨਾਇਆ ਜਾਂਦਾ ਹੈ ਕਿਉਕਿ ਇਸ ਦਿਨ 1939 ਵਿੱਚ ਸ. ਦਰਸ਼ਨ ਸਿੰਘ ਜੀ ਕੁਲਾਰ ਦਾ ਜਨਮ ਸਰਦਾਰ ਰਤਨ ਸਿੰਘ ਦੀ ਗ੍ਰਹਿ ਵਿਖੇ ਮਾਤਾ ਸੰਤ ਕੌਰ ਦੀ ਕੁੱਖੋਂ ਹੋਇਆ ਸੀ, ਜੀ.ਜੀ.ਐੱਨ.ਖਾਲਸਾ ਸਕੂਲ ਗੁਰੂਸਰ, ਸੁਧਾਰ ਤੋਂ ਸਾਲ 1955 ਵਿਚ ਦਸਵੀਂ ਪਾਸ ਕਰਨ ਉਪਰੰਤ ਲੁਧਿਆਣਾ ਆ ਕੇ ਸਨ 1956 ਵਿਚ ਕੁਲਾਰ ਭਰਾਵਾਂ ਨੇ ਆਪਣਾ ਕਾਰੋਬਾਰ ਸਥਾਪਤ ਕੀਤਾ ਅਤੇ ਕਿਰਾਏ ਦੇ ਯੂਨਿਟ ਦੇਵਕੀ ਨੰਦਨ ਐਂਡ ਸੰਨਜ਼ ਵਿਖੇ ਸਾਈਕਲ ਮਡਗਾਰਡਾਂ ਦਾ ਨਿਰਮਾਣ ਸ਼ੁਰੂ ਕੀਤਾ। 1962 ਵਿਚ, ਉਨ੍ਹਾਂ ਨੇ ਆਪਣੀ ਯੂਨਿਟ ਕੁਲਾਰ ਸਾਈਕਲ ਇੰਡਸਟਰੀਜ਼ ਦੀ ਸ਼ੁਰੂਆਤ ਕੀਤੀ, ਜਿੱਥੇ ਪਹਿਲਾਂ ਉਨ੍ਹਾਂ ਨੇ ਮਸ਼ੀਨਰੀ ਵਿਕਸਤ ਕੀਤੀ ਅਤੇ ਫਿਰ ਸਾਈਕਲ ਮਡਗਾਰਡਾਂ ਅਤੇ ਰਿਮਾਂ ਦਾ ਉਤਪਾਦਨ ਸ਼ੁਰੂ ਕੀਤਾ।

ਓਹਨਾ ਕਿਹਾ ਕਿ ਬਜ਼ੁਰਗ ਦੀਆਂ ਅਸੀਸਾਂ 'ਤੇ ਅਸ਼ੀਰਵਾਦ ਸਦਕਾ ਅੱਜ ਕੁਲਾਰ ਗਰੁੱਪ ਦੇ ਵੱਖ ਵੱਖ ਉਤਪਾਦਾਂ ਦਾ ਨਾਂ ਦੁਨੀਆਂ ਭਰ ਵਿੱਚ ਮਸ਼ਹੂਰ ਹੋਇਆ ਹੈ ਅਤੇ ਓਹਨਾ ਦੀ ਕੰਪਨੀ ਦੇ ਉਤਪਾਦਾਂ ਨੂੰ ਦੇਸ਼ ਵਿਦੇਸ਼ ਵਿੱਚ ਕਾਫੀ ਪਸੰਦ ਕੀਤਾ ਜਾ ਰਿਹਾ ਹੈ।

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਉੱਤੇ ਪਾਤੜਾਂ ਵਿੱਚ ਸ਼ਾਨਦਾਰ ਨਗਰ ਕੀਰਤਨ ਸਜਾਇਆ




**ਪਾਤੜਾਂ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਦੇ ਪਵਿੱਤਰ ਅਵਸਰ ਉੱਤੇ ਅੱਜ ਪਾਤੜਾਂ ਸ਼ਹਿਰ ਵਿੱਚ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਸਾਹਿਬ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਸਮਾਗਮ ਮਨਾਇਆ ਗਿਆ। ਇਸ ਪਵਿੱਤਰ ਦਿਨ ਦੀ ਖੁਸ਼ੀ ਵਿੱਚ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਰਾਹੀਂ ਸ਼ੋਭਾ ਯਾਤਰਾ (ਨਗਰ ਕੀਰਤਨ) ਕੱਢਿਆ ਗਿਆ।

ਨਗਰ ਕੀਰਤਨ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਸਾਹਿਬ ਤੋਂ ਸ਼ੁਰੂ ਹੋ ਕੇ ਨਰਵਾਣਾ ਰੋਡ, 90 ਫੁੱਟੀ ਰੋਡ, ਕਾਰ ਬਾਜ਼ਾਰ, ਜਾਖਲ ਰੋਡ ਰਾਹੀਂ ਟਰੱਕ ਯੂਨੀਅਨ ਤੱਕ ਪਹੁੰਚਿਆ ਅਤੇ ਉਥੋਂ ਵਾਪਸ ਗੁਰਦੁਆਰਾ ਸਾਹਿਬ ਵਿਖੇ ਸ ਅਰਦਾਸ ਨਾਲ ਸਮਾਪਤ ਹੋਇਆ। ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦੀ ਸੇਵਾ ਬਾਬਾ ਅਮਰੀਕ ਸਿੰਘ ਜੀ ਕਾਰ ਸੇਵਾ ਵਾਲਿਆਂ ਵੱਲੋਂ ਕੀਤੀ ਜਾ ਰਹੀ ਹੈ। ਨਗਰ ਕੀਰਤਨ ਦੇ ਮੌਕੇ ਸੰਗਤਾਂ ਵੱਲੋਂ ਥਾਂ-ਥਾਂ ਤੇ ਚਾਹ-ਬਰੈਡ, ਫਲ, ਮਿਠਾਈਆਂ ਅਤੇ ਲੰਗਰ ਦੇ ਸੇਵਾ ਪੰਡਾਲ ਲਗਾ ਕੇ ਸ਼ਰਧਾ ਨਾਲ ਸੇਵਾ ਨਿਭਾਈ ਗਈ।

ਸਕੂਲੀ ਬੱਚਿਆਂ ਨੇ ਵੀ ਗੁਰਬਾਣੀ ਦੇ ਸ਼ਬਦ ਗਾ ਕੇ ਅਤੇ ਪ੍ਰਦਰਸ਼ਨ ਕਰਕੇ ਸੰਗਤਾਂ ਦਾ ਮਨ ਮੋਹ ਲਿਆ। ਨਿਹੰਗ ਸਿੰਘ ਜਥਿਆਂ ਵੱਲੋਂ ਗਤਕੇ ਦੇ ਵਿਖਾਵੇ ਨਾਲ ਨਗਰ ਕੀਰਤਨ ਦੀ ਸ਼ੋਭਾ ਹੋਰ ਵੀ ਵਧ ਗਈ। ਇਸ ਮੌਕੇ ਫੌਜੀ ਬੈਂਡ ਨੇ ਵੀ ਸ਼ਾਨਦਾਰ ਧੁਨੀਆਂ ਪੇਸ਼ ਕੀਤੀਆਂ।

ਵੱਖ-ਵੱਖ ਧਾਰਮਿਕ ਸੰਸਥਾਵਾਂ, ਸਮਾਜ ਸੇਵਕਾਂ ਅਤੇ ਰਾਜਨੀਤਿਕ ਆਗੂਆਂ ਨੇ ਵੀ ਗੁਰੂ ਘਰ ਵਿਖੇ ਹਾਜਰੀ ਭਰੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਅਨੁਸਾਰ ਸਰਬੱਤ ਦਾ ਭਲਾ ਦੀ ਅਰਦਾਸ ਕੀਤੀ।

# ਸਰਕਾਰ ਵੱਲੋਂ ਜਮੀਨਾਂ ਵੇਚਣ ਦੇ ਵਿਰੋਧ ਵਿੱਚ ਅਤੇ ਨਿਜੀਕਰਨ ਵਿਰੁੱਧ ਬਿਜਲੀ ਕਾਮਿਆਂ ਨੇ ਪਟਿਆਲਾ ਸਰਕਲ ਤੇ ਕੀਤੀ ਵਿਸ਼ਾਲ ਰੈਲੀ

**ਪਟਿਆਲਾ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਜੀਤ ਸਿੰਘ ਸੇਖੋਂ ਪ੍ਰਧਾਨ ਟੀ.ਐਸ.ਯੂ. ਸਰਕਲ ਪਟਿਆਲਾ ਅਤੇ ਇੰਦਰਜੀਤ ਸਿੰਘ ਸਹਾਇਕ ਸਕੱਤਰ ਟੀ.ਐਸ.ਯੂ. ਸਰਕਲ ਪਟਿਆਲਾ ਨੇ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਸੂਬਾ ਕਮੇਟੀ ਦੇ ਸੱਦੇ ਤੇ ਅੱਜ ਮਿਤੀ 04—11—2025 ਨੂੰ ਸਰਕਲ ਪੱਧਰ ਤੇ ਰੈਲੀ ਕੀਤੀ ਗਈ। ਇਸ ਰੈਲੀ ਵਿੱਚ ਤਕਰੀਬਨ 200 ਕਾਮਿਆਂ ਨੇ ਭਾਗ ਲਿਆ। ਇਹ ਰੈਲੀ ਜਮੀਨਾਂ ਵੇਚਣ ਦੇ ਵਿਰੋਧ ਵਿੱਚ ਅਤੇ ਨਿਜੀਕਰਨ ਦੇ ਵਿਰੋਧ ਵਿੱਚ ਕੀਤੀ ਗਈ। ਇਸ ਰੈਲੀ ਦੌਰਾਨ ਮੰਗ ਕੀਤੀ ਗਈ ਕਿ ਕਿਸੇ ਵੀ ਹਾਲਤ ਵਿੱਚ ਬਿਜਲੀ ਬੋਰਡ ਦੀਆਂ ਜਮੀਨਾਂ ਸਰਕਾਰ ਨੂੰ ਨਹੀਂ ਵੇਚਣ ਦਿੱਤੀਆਂ ਜਾਣਗੀਆਂ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਲਈ, ਨਵੀਂ ਭਰਤੀ ਪੱਕੇ ਤੌਰ ਤੇ ਕਰਨ ਸਬੰਧੀ, ਸੀ.ਐਚ.ਬੀ. ਕਾਮਿਆਂ ਨੂੰ ਪੱਕੇ ਕਰਨ ਸਬੰਧੀ, ਡਿਸਮਿਸ ਆਗੂਆਂ ਨੂੰ ਹਾਈ ਕੋਰਟ ਦੇ ਫੈਸਲੇ ਅਨੁਸਾਰ ਬਹਾਲ ਕਰਨ ਸਬੰਧੀ, ਛੇਵੇ ਪੇਅ ਕਮਿਸ਼ਨ ਨਵੇਂ ਕਰਮਚਾਰੀਆਂ ਤੇ ਲਾਗੂ ਕਰਨ ਸਬੰਧੀ, ਡੀ.ਏ 59 ਪ੍ਰਤੀਸ਼ਤ ਅਤੇ ਪੇਂਡੂ ਭੱਤਾ ਲਾਗੂ ਕਰਨ ਸਬੰਧੀ, ਆਦਿ ਮੰਗਾਂ ਦੇ ਹੱਲ ਕਰਕੇ ਰੈਲੀ ਕੀਤੀ ਗਈ। ਇਸ ਰੈਲੀ ਨੂੰ ਹੋਰਨਾਂ ਤੋਂ ਇਲਾਵਾ ਟੈਕਨੀਕਲ ਸਰਵਿਸ ਯੂਨੀਅਨ ਵਲੋਂ ਕਰਮਜੀਤ ਸਿੰਘ, ਭਗਵਾਨ ਦਾਸ, ਵਿਜੇ ਦੇਵ ਸਾਬਕਾ ਮੀਤ ਪ੍ਰਧਾਨ ਪੰਜਾਬ, ਦਰਸ਼ਨ ਕੁਮਾਰ, ਜਤਿੰਦਰ ਸਿੰਘ ਚੱਢਾ, ਗੁਰਦੀਪ ਸਿੰਘ, ਦਿਲਪ੍ਰੀਤ ਸਿੰਘ ਸੀ.ਐਚ.ਬੀ. ਯੂਨੀਅਨ, ਸੰਦੀਪ ਖੱਤਰੀ ਪੈਸਕੋ ਯੂਨੀਅਨ, ਹਰਜੀਤ ਸਿੰਘ, ਇੰਦਰਜੀਤ ਸਿੰਘ ਆਦਿ ਨੇ ਸੰਬੋਧਨ ਕੀਤਾ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਨੁੱਖੀ ਅਧਿਕਾਰ ਸੰਸਥਾ ਨੇ ਲਗਾਇਆ ਅੱਖਾਂ, ਸ਼ੂਗਰ ਅਤੇ ਬੀ.ਪੀ. ਦਾ ਮੁਫ਼ਤ ਵਿਸ਼ਾਲ ਚੈਕਅੱਪ ਕੈਂਪ



**ਪਟਿਆਲਾ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਵ ਅਧਿਕਾਰ ਸੁਰੱਖਿਆ ਫੋਰਮ ਵੱਲੋਂ ਚੇਅਰਮੈਨ ਡਾ. ਜਗਤਾਰ ਸਿੰਘ ਅਤੇ ਪ੍ਰਧਾਨ ਹਰਪ੍ਰੀਤ ਸਿੰਘ ਸੋਢੀ ਐਡਵੋਕੇਟ ਦੀ ਅਗਵਾਈ ਵਿੱਚ ਪ੍ਰੋਫੈਸਰ ਕਲੋਨੀ ਸਥਿਤ ਪਟਿਆਲਾ ਫਾਰਮੈਸੀ ਅਤੇ ਲੈਬ ਵਿਖੇ ਅੱਖਾਂ, ਸ਼ੂਗਰ ਅਤੇ ਬਲਡ ਪ੍ਰੈਸ਼ਰ ਦਾ ਮੁਫ਼ਤ ਵਿਸ਼ਾਲ ਚੈਕਅੱਪ ਕੈਂਪ ਲਗਾਇਆ ਗਿਆ। ਰਜਿੰਦਰਾ ਹਸਪਤਾਲ ਤੋਂ ਸੇਵਾ ਮੁਕਤ ਪ੍ਰੋਫੈਸਰ ਡਾ. ਧਰਮਵੀਰ ਚਾਲ੍ਹੀਆ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਾ. ਰਣਜੀਤ ਸਿੰਘ ਅਤੇ ਵਿਨੋਦ ਕੁਮਾਰ ਦੀ ਟੀਮ ਨੇ ਬਹੁ—ਗਿਣਤੀ ਵੱਖ—ਵੱਖ ਇਲਾਕਿਆਂ ਤੋਂ ਆਏ ਮਰੀਜਾਂ ਦੀਆਂ ਅੱਖਾਂ, ਸ਼ੂਗਰ ਅਤੇ ਬਲੱਡ ਪ੍ਰੈਸ਼ਰ ਆਦਿ ਬਿਮਾਰੀਆਂ ਸਬੰਧੀ ਜਾਂਚ ਕੀਤੀ ਅਤੇ ਮੁਫ਼ਤ ਦਵਾਈਆਂ ਵੀ ਵੰਡੀਆ ਗਈਆਂ। ਇਸ ਉਪਰੰਤ ਮਾਨਵ ਅਧਿਕਾਰ ਸੁਰੱਖਿਆ ਫੋਰਮ ਵੱਲੋਂ ਵਿਦਿਆਰਥੀ ਵਿੰਗ ਦਾ ਗਠਨ ਵੀ ਕੀਤਾ ਗਿਆ। ਜਿਸਦੇ ਕਨਵੀਨਰ ਵਜੋਂ ਆਦਿ ਸਿੰਘ ਕੈਲੇ ਦੀ ਚੋਣ ਸਰਵ ਸੰਮਤੀ ਨਾਲ ਕੀਤੀ ਗਈ ਅਤੇ ਉਹਨਾਂ ਦੀ ਪੂਰੀ ਟੀਮ ਦਾ ਸੰਸਥਾ ਵਿੱਚ ਸ਼ਾਮਲ ਹੋਣ ਤੇ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਦੌਰਾਨ ਨੌਜਵਾਨ ਆਗੂ ਆਦਿ ਸਿੰਘ ਕੈਲੇ ਨੇ ਕਿਹਾ ਕਿ ਉਹ ਸੰਸਥਾ ਦੀਆਂ ਮਾਨਵਤਾ ਹਿੱਤ ਕਾਰਗੁਜਾਰੀਆਂ ਕਾਰਨ ਹੀ ਸੰਸਥਾ ਨਾਲ ਜੁੜੇ ਹਨ ਤੇ ਭਵਿੱਖ ਵਿੱਚ ਵੀ ਉਹ ਸਮਾਜ ਭਲਾਈ ਦੇ ਕਾਰਜਾਂ ਵਿੱਚ ਵੱਧ ਚੜ੍ਹ ਕੇ ਸਹਿਯੋਗ ਕਰਨਗੇ। ਇਸ ਮੌਕੇ ਤੇ ਸੀਨੀਅਰ ਮੀਤ ਪ੍ਰਧਾਨ ਕੁਸ਼ਵਿੰਦਰ ਕਲਿਆਣ, ਮੀਤ ਪ੍ਰਧਾਨ ਬਲਬੀਰ ਸਿੰਘ ਰਾਜੂ, ਮੀਤ ਪ੍ਰਧਾਨ ਅਵਤਾਰ ਸਿੰਘ, ਸ਼ਹਿਰੀ ਪ੍ਰਧਾਨ ਗੁਰਪਾਲ ਸਿੰਘ ਸਿੱਧੂ ਐਡਵੋਕੇਟ, ਮੁੱਖ ਸਲਾਹਕਾਰ ਸੋਨੀ ਗਿੱਲ, ਮੀਡੀਆ ਇੰਚਾਰਜ ਅਨਮੋਲ ਕਲਸੀ ਪ੍ਰੈਸ ਸਕੱਤਰ, ਸਰਬਜੀਤ ਸਿੰਘ ਚੌਪੜਾ ਅਤੇ ਮਾਸਟਰ ਅਵਤਾਰ ਸਿੰਘ ਕਲੇਰ, ਪਰਮਿੰਦਰ ਸਿੰਘ ਖਾਲਸਾ, ਬਲਦਵਿੰਦਰ ਸਿੰਘ ਸੂਲਰ, ਰੁਪਿੰਦਰ ਸਿੰਘ ਸਮਾਣਾ, ਤਰਨਜੀਤ ਸਿੰਘ, ਹੈਨਰਿਸਟ ਚੁੰਬਰ, ਕੁਲਵੰਤ ਕੌਰ, ਮਹਿਕਦੀਪ ਕੌਰ, ਨਾਰਾਈਤੀ ਸ਼ਰਮਾ, ਪ੍ਰਦੀਪ ਸਿੰਘ ਕੈਲੇ ਅਤੇ ਇਨ੍ਹਾਂ ਤੋਂ ਇਲਾਵਾ ਵਿਦਿਆਰਥੀ ਵਿੰਗ ਨਾਲ ਜੁੜਨ ਵਾਲੇ ਜਸਮੀਤ ਸਿੱਧੂ, ਸ਼ਿਵਮ, ਗਗਨ ਘੁਮੰਦ, ਮੁਕੁਲ, ਹਰਸ਼, ਕ੍ਰਿਸ਼ਨਾ, ਦਿਪਾਂਸ਼ੂ, ਜਸ਼ਨ, ਮੁਦੀਤ, ਹਰਮੀਤ ਸਿੰਘ, ਵਿਜੇ, ਰੋਹਿਤ, ਜਸ਼ਹਰਨ, ਪਰਿਆਸ਼ੂ, ਦਿਪਾਂਸ ਦੇ ਨਾਮ ਸ਼ਾਮਲ ਸਨ।

# ਡਾ. ਅੰਬੇਡਕਰ ਲਾਈਬ੍ਰੇਰੀ ਤੇ ਸਟੱਡੀ ਸਰਕਲ ਵਲੋਂ 'ਡਾ. ਅੰਬੇਡਕਰ ਪਟਿਆਲਾ ਆਮਦ' ਵਿਸ਼ੇਸ਼ ਦਿਨ ਨੂੰ ਸਮਰਪਿਤ ਸਨਮਾਨ ਸਮਾਰੋਹ ਆਯੋਜਿਤ




**ਪਟਿਆਲਾ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦਿਆ ਖੇਤਰ ਵਿੱਚ ਭਲਾਈ ਕਾਰਜਾਂ ਅਤੇ ਬਾਬਾ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਚਰ—ਪ੍ਰਸਾਰ ਕਰਨ ਵਾਲੀ ਸੰਸਥਾ ਡਾ. ਅੰਬੇਡਕਰ ਲਾਇਬ੍ਰੇਰੀ ਅਤੇ ਸਟੱਡੀ ਸਰਕਲ ਵਲੋਂ ਪ੍ਰਧਾਨ ਹੇਮਰਾਜ ਭੱਟੀ ਅਤੇ ਜਨਰਲ ਸਕੱਤਰ ਬਲਬੀਰ ਸਿੰਘ ਬੈਂਸ ਐਡਵੋਕੇਟ ਦੀ ਅਗਵਾਈ ਵਿੱਚ ਲਾਹੌਰੀ ਗੇਟ ਗਾਂਧੀ ਨਗਰ ਵਿਖੇ ਸਥਿਤ ਸਰਕਾਰੀ ਹਾਈ ਸਕੂਨ ਵਿਖੇ ਡਾ. ਅੰਬੇਡਕਰ ਪਟਿਆਲਾ ਆਮਦ ਦਿਵਸ ਵਿਸ਼ੇਸ਼ ਦਿਨ ਨੂੰ ਸਰਮਪਿਤ ਸਨਮਾਨ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਵੱਖ—ਵੱਖ ਅਹਿਮ ਸ਼ਖਸ਼ੀਅਤਾਂ ਪਵਨ ਕੁਮਾਰ ਰਿਟਾ: ਸੀ.ਆਈ.ਐਸ.ਐਫ., ਦਰਸ਼ਨ ਸਿੰਘ ਪਰੋਚਾ, ਰੋਹਿਤ ਹੰਸ ਡਿਪਟੀ ਐਡਵੋਕੇਟ ਜਨਰਲ, ਵਿਨੇ ਪਰੋਚਾ ਪ੍ਰਧਾਨ ਵਾਲਮੀਕਿ ਧਰਮ ਸਭਾ, ਸ਼ਾਰਦਾ ਦੇਵੀ ਰਿਟਾ. ਡਿਪਟੀ ਰਜਿਸਟਰਾਰ ਵਲੋਂ ਸ਼ਮੂਲੀਅਤ ਕੀਤੀ ਗਈ। ਜਿਨ੍ਹਾਂ ਨੇ ਡਾ. ਅੰਬੇਡਕਰ ਦੇ ਸੰਘਰਸ਼ਮਈ ਜੀਵਨ ਅਤੇ ਸਿੱਖਿਆ ਦੀ ਮਹੱਤਤਾ ਸਬੰਧੀ ਵਿਦਿਆਰਥੀ ਬੱਚਿਆਂ ਨੂੰ ਜਾਣੂ ਕਰਵਾਇਆ। ਇਸ ਉਪਰੰਤ ਸਕੂਲ ਦੇ ਬੱਚਿਆਂ ਨੇ ਡਾ. ਅੰਬੇਡਕਰ ਸਬੰਧੀ ਗੀਤਾਂ ਤੇ ਸਭਿਆਚਾਰਕ ਕੋਰੀਓਗ੍ਰਾਫੀ ਦੀਆਂ ਪੇਸ਼ਕਾਰੀਆਂ ਵੀ ਦਿੱਤੀਆਂ। ਜਿਨ੍ਹਾਂ ਦਾ ਸੰਸਥਾ ਵੱਲੋਂ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਪ੍ਰਧਾਨ ਹੇਮ ਰਾਜ ਭੱਟੀ ਅਤੇ ਜਨਰਲ ਸਕੱਤਰ ਬਲਬੀਰ ਸਿੰਘ ਐਡਵੋਕੇਟ ਨੇ ਸਮਾਰੋਹ ਵਿੱਚ ਸੰਬੋਧਨ ਕਰਦਿਆਂ ਦੱਸਿਆ ਕਿ 29 ਅਕਤੂਬਰ 1951 ਪਹਿਲੀਵਾਰ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਬਾਬਾ ਸਾਹਿਬ ਚੋਣ ਸਭਾ ਨੂੰ ਸੰਬੋਧਨ ਕਰਨ ਲਈ ਪਟਿਆਲਾ ਆਰਿਆ ਸਮਾਜ ਵਿਖੇ ਆਏ ਸਨ। ਸੰਸਥਾ ਵੱਲੋਂ ਇਸ ਦਿਨ ਨੂੰ ਸਮਰਪਿਤ 50 ਸਾਲਾਂ ਤੋਂ ਸਮਾਰੋਹ ਕਰਵਾਉਂਦੇ ਆ ਰਹੇ ਹਾਂ। ਉਨ੍ਹਾ ਕਿਹਾ ਕਿ ਬਾਬਾ ਸਾਹਿਬ ਨੇ ਬਹੁਗਿਣਤੀ ਵਿੱਚ ਡਿਗਰੀਆਂ ਦੀ ਪ੍ਰਾਪਤੀ ਕਰਕੇ ਇਤਿਹਾਸ ਰਚਿਆ ਸੀ।

ਉਨ੍ਹਾਂ ਕਿਹਾ ਸਿੱਖਿਆ ਹੀ ਸਮਾਜ ਵਿੱਚ ਸਮਾਨਤਾ ਅਤੇ ਸ਼ਕਤੀਕਰਣ ਅਤੇ ਸਮਾਜਿਕ ਨਿਆ, ਵਿਕਾਸ ਦਾ ਸਭ ਤੋਂ ਮਜਬੂਤ ਸਾਧਨ ਹੈ। ਸਿੱਖਿਆ ਕੇਵਲ ਸਾਖਰਤਾ ਨਹੀਂ ਸਗੋਂ ਵਿਅਕਤੀ ਦੇ ਮਾਨਸਿਕ ਵਿਕਾਸ, ਆਤਮ ਵਿਸ਼ਵਾਸ਼ ਅਤੇ ਸੋਚ ਦੀ ਸਮਰਥਾ ਨੂੰ ਵਧਾਉਂਦੀ ਹੈ, ਜ਼ੋ ਜਾਤ—ਪਾਤ ਦੇ ਭੇਦਭਾਵ ਨੂੰ ਖਤਮ ਕਰ ਸਕਦੀ ਹੈ ਅਤੇ ਆਰਥਿਕ ਤੇ ਸਮਾਜਿਕ ਬਦਲਾਅ ਲਿਆ ਸਕਦੀ ਹੈ। ਇਸ ਲਈ ਸਿੱਖਿਅਤ ਹੋ ਕੇ ਹੀ ਅਸੀਂ ਸਮਾਜ ਅਤੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਾਂ। ਇਸ ਮੌਕੇ ਫਕੀਰ ਚੰਦ ਚੌਹਾਨ, ਕੁਲਦੀਪ ਸਿੰਘ ਮੱਟੂ, ਸ਼ਿਵਾਜੀ ਧਾਰੀਵਾਲ, ਰਾਜੇਸ਼ਵਰ ਕੁਮਾਰ, ਸ਼ੈਲੀ, ਹਾਈ ਸਕੂਲ ਦੇ ਪ੍ਰਿੰਸੀਪਲ ਨੀਲਮ, ਸੁਖਚੈਨ ਕੌਰ, ਨਿਰੂਪਮ ਬਾਤਿਸ਼, ਪਰਮਿੰਦਰ ਸਿੰਘ, ਰਮਨਜੋਤ, ਹਰਿੰਦਰ ਕੌਰ, ਹਰਜਿੰਦਰ ਕੌਰ, ਹਰਪ੍ਰੀਤ ਸਿੰਘ, ਜ਼ਹਿਦਾ ਕੁਰੈਸੀ, ਡਿੰਪਲ, ਗੁਰਿੰਦਰ ਕੌਰ ਆਦਿ ਸ਼ਾਮਲ ਸਨ।



ਗੁਰਦੇਵ ਸਿੰਘ ਨਾਰਲੀ
98146-58915



# ਮਾਂ ਵਰਗਾ ਘਣਛਾਵਾਂ ਬੂਟਾ

ਕਿਸੇ ਨੇ ਠੀਕ ਹੀ ਕਿਹਾ ਹੈ ਕਿ ਮਾਂ ਦਾ ਰਿਸ਼ਤਾ ਸਭ ਰਿਸ਼ਤਿਆਂ ਨਾਲੋਂ ਉੱਤਮ, ਪਵਿੱਤਰ ਤੇ ਰੱਬ ਦੀ ਨੇੜਤਾ ਦਾ ਸਬੂਤ ਹੁੰਦਾ ਹੈ। ਸੰਖੇਪ ਭਾਵ ਅਰਥ ਇਹ ਹੈ ਕਿ ਰੱਬ ਦਾ ਦੂਜਾ ਨਾਂ ਹੀ ਮਾਂ ਹੈ। ਆਪਣੀ ਔਲਾਦ ਨੂੰ ਦੁਨੀਆ ਵਿਖਾਉਣ ਵਾਲੀ ਮਾਂ ਵਰਗੀ ਸ਼ਾਇਦ ਕੋਈ ਦੂਜੀ ਮਿਸਾਲ ਨਹੀਂ ਹੋ ਸਕਦੀ। ਇਕੋ-ਇਕ ਅਨੋਖਾ ਤੇ ਵਿਲੱਖਣ ਰਿਸ਼ਤਾ ਮਾਂ ਦਾ ਹੀ ਹੁੰਦਾ ਹੈ, ਜਿਹੜਾ ਸਾਰੇ ਕਸ਼ਟ ਅਤੇ ਤਕਲੀਫ਼ਾਂ ਹੰਢਾ ਕੇ ਦੁਨੀਆ ਭਰ ਦੇ ਸੁੱਖ ਆਪਣੀ ਔਲਾਦ ਵਾਸਤੇ ਪੈਦਾ ਕਰਦਾ ਹੀ ਰਹਿੰਦਾ ਹੈ।

## ਮਾਂ ਤੋਂ ਵਿਰਵੇ ਬੱਚੇ

ਮਾਂ ਦਾ ਦੇਣ ਤਾਂ ਔਲਾਦ ਸਾਰੀ ਉਮਰ ਨਹੀਂ ਦੇ ਸਕਦੀ। ਅਸੀਂ ਕਿਤੇ ਥੋੜ੍ਹਾ ਜਿਹਾ ਵੀ ਗਿੱਲੇ ਥਾਂ 'ਤੇ ਲੰਮੇ ਪੈ ਜਾਈਏ ਤਾਂ ਉਸੇ ਵੇਲੇ ਹੀ ਜਗ੍ਹਾ ਬਦਲ ਲੈਂਦੇ ਹਾਂ ਪਰ ਧੰਨ ਹੈ ਮਾਂ, ਜਿਹੜੀ ਆਪਣੀ ਔਲਾਦ ਨੂੰ ਪਾਲਣ-ਪੋਸ਼ਣ ਸਮੇਂ ਸਾਰੀ-ਸਾਰੀ ਰਾਤ ਸੁੱਕੇ ਥਾਂ 'ਤੇ ਪਾ ਕੇ ਆਪ ਬੱਚੇ ਦੇ ਪਿਸ਼ਾਬ ਨਾਲ ਹੋਏ ਗਿੱਲੇ ਥਾਂ 'ਤੇ ਵੀ ਸਕੂਨ ਨਾਲ ਸੌਂਦੀ ਹੈ। ਜਦੋਂਕਿ ਬਹੁਤ ਘੱਟ ਬੱਚੇ ਵੱਡੇ ਹੋ ਕੇ ਇਸ ਗੱਲ ਦਾ ਮੁੱਲ ਪਾਉਦੇਂ ਹਨ। ਕਈ ਬੱਚੇ ਆਪਣੀ ਮਾਂ ਨੂੰ 'ਰੱਬ' ਸਮਝ ਕੇ ਪੂਜਦੇ ਹਨ ਤੇ ਘਰੋਂ ਕਿਤੇ ਵੀ ਕੰਮ 'ਤੇ ਜਾਣ ਤੋਂ ਪਹਿਲਾਂ ਉਸ ਦਾ ਅਸ਼ੀਰਵਾਦ ਲੈਣਾ ਨਹੀਂ ਭੁੱਲਦੇ ਤੇ ਕਈ ਅਸ਼ੀਰਵਾਦ ਤਾਂ ਬੜੀ ਦੂਰ ਦੀ ਗੱਲ, ਮਾਂ ਨੂੰ ਦੱਸ-ਪੁੱਛ ਕੇ ਵੀ ਨਹੀਂ ਜਾਂਦੇ। ਖ਼ੈਰ, ਸਾਰੇ ਬੱਚੇ ਇੱਕੋ ਜਿਹੇ ਵੀ ਤਾਂ ਨਹੀਂ ਹੁੰਦੇ। ਕਈ ਤਾਂ ਮੰਦਭਾਗੇ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਦੀਆਂ ਮਾਵਾਂ ਜਨਮ ਦੇ ਕੇ ਇਸ ਜਹਾਨ ਤੋਂ ਤੁਰ ਜਾਂਦੀਆਂ ਹਨ। ਰੱਬ ਕਰੇ ਕਿ ਕਿਸੇ ਦੀ ਵੀ ਮਾਂ ਨਾ ਮਰੇ। ਇਹ ਅਹਿਸਾਸ ਇਕ ਮਾਂ ਤੋਂ ਵਿਰਵੇ ਬੱਚੇ ਤੋਂ ਵੱਧ ਕਿਸੇ ਦੂਜੇ ਨੂੰ ਨਹੀਂ ਹੋ ਸਕਦਾ।

## ਸ਼ਰੀਕ ਤੇ ਰਿਸ਼ਤੇਦਾਰ

ਮਾਂ ਦੇ ਮਰਨ ਤੋਂ ਬਾਅਦ ਕੀ ਹਾਲ ਬੱਚੇ ਦਾ ਹੁੰਦਾ ਹੈ, ਇਹ ਰੱਬ ਜਾਂ ਫਿਰ ਉਸ ਬੱਚੇ ਨੂੰ ਹੀ ਪਤਾ ਹੁੰਦਾ ਹੈ। ਮਾਂ ਤੋਂ ਵਿਰਵੇ ਬੱਚੇ ਦੀ ਜ਼ਿੰਦਗੀ ਤਾਂ ਇੰਨੀ ਬੁਰੀ ਹੋ ਜਾਂਦੀ ਹੈ ਕਿ ਉਹ ਦਰ-ਦਰ ਦੀਆਂ ਠੋਕਰਾਂ ਖਾਂਦਾ ਹੈ ਤੇ ਦੂਜਿਆਂ ਦੇ ਟੁਕੜਿਆਂ 'ਤੇ ਪਲਦਾ ਹੈ। ਹਰ ਰੋਜ ਪਤਾ ਨਹੀ ਕਿੰਨੀਆਂ ਕੁ ਝਿੜਕਾਂ ਤੇ ਗਾਲ੍ਹਾਂ ਦੂਜਿਆਂ ਦੀਆਂ ਸੁਣਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਰੱਬ ਦਾ ਦੂਜਾ ਨਾਂ 'ਮਾਂ' ਹੈ ਪਰ ਫਿਰ ਵੀ ਰੱਬ ਮਾਂਵਾ ਨੂੰ ਆਪਣੇ ਕੋਲ ਬੁਲਾ ਕੇ ਬੱਚਿਆਂ ਦਾ ਇੰਨਾਂ ਕਰੜਾ ਇਮਤਿਹਾਨ ਕਿਉਂ ਲੈਂਦਾ ਹੈ, ਇਹ ਤਾਂ ਸ਼ਾਇਦ ਰੱਬ ਹੀ ਜਾਣਦਾ ਹੈ। ਅਜਿਹੇ ਬੱਚਿਆਂ ਨੂੰ ਸ਼ਰੀਕ ਤੇ ਰਿਸ਼ਤੇਦਾਰ ਦੁਸ਼ਟ, ਅਭਾਗਾ ਤੇ ਮਨਹੂਸ ਕਹਿ ਕੇ ਉਨ੍ਹਾਂ ਦਾ ਨਿੱਤ ਮਜ਼ਾਕ ਉਡਾਉਦੇ ਹਨ। ਉਸ ਸਮੇਂ ਬੱਚੇ ਦੇ ਦਿਲ 'ਤੇ ਕੀ ਬੀਤਦੀ ਹੋਵੇਗੀ, ਇਸ ਦਾ ਅਹਿਸਾਸ ਤਾਂ ਉਹ ਬੱਚਾ ਹੀ ਕਰ ਸਕਦਾ ਹੈ।

## ਮਾੜਾ ਵਿਵਹਾਰ

ਕਹਿੰਦੇ ਹਨ ਜਿਹੜੇ ਬੱਚਿਆਂ ਦੀਆਂ ਮਾਵਾਂ ਮਰ ਜਾਣ ਉਨ੍ਹਾਂ ਦੇ ਹੱਥਾਂ ਵਿੱਚੋਂ ਤਾਂ ਰੋਟੀਆਂ ਵੀ 'ਕਾਂ' ਖੋਹ ਕੇ ਖਾ ਲੈਂਦੇ ਹਨ ਤਾਂ ਫਿਰ ਸ਼ਰੀਕ ਜਾਂ ਰਿਸ਼ਤੇਦਾਰ ਕਿਵੇਂ ਪਿੱਛੇ ਰਹਿ ਸਕਦੇ ਹਨ। ਬਹੁਤ ਥੋੜ੍ਹੇ ਰਿਸ਼ਤੇਦਾਰ ਅਜਿਹੇ 'ਮਾਂ-ਮਿੱਟਰਾਂ' ਨਾਲ ਚੰਗਾ ਸਲੂਕ ਕਰਨ ਵਾਲੇ ਵੀ ਹੁੰਦੇ ਹਨ। ਉਨ੍ਹਾਂ ਨੂੰ ਤਾਂ ਰੱਬ ਤੇ ਜਹਾਨ ਵੀ ਸ਼ਾਬਾਸ਼ ਤੇ ਅਸੀਸਾਂ ਦਿੰਦਾ ਹੈ ਪਰ ਜਿਹੜੇ ਮਾਵਾਂ ਤੋਂ ਸੱਖਣੇ ਬੱਚਿਆਂ ਨਾਲ ਮਾੜਾ ਵਿਵਹਾਰ ਕਰਦੇ ਹਨ, ਉਹ ਤਾਂ ਫਿਰ ਲੇਖਾ ਅਗਲੇਰੀ ਉਮਰੇ ਤਸੱਲੀ ਨਾਲ ਹੀ ਦੇ ਕੇ ਜਾਂਦੇ ਹਨ।

## ਰੱਬ ਦਾ ਦੂਜਾ ਨਾਂ

ਅਜੋਕਾ ਮਨੁੱਖ 'ਮਾਂ-ਦਿਵਸ' ਵਰਗੇ ਦਿਨ 'ਤੇ ਮੋਬਾਈਲ ਸੰਦੇਸ਼ਾਂ ਰਾਹੀਂ ਬੜੇ-ਬੜੇ ਵੱਡੇ ਸ਼ੰਦੇਸ਼ ਅੱਗੇ ਤੋਂ ਅੱਗੇ ਭੇਜਦਾ ਹੈ ਪਰ ਕੋਈ ਟਾਵਾਂ ਹੀ ਹੁੰਦਾ ਹੈ ਜਿਹੜਾ ਇਸ 'ਤੇ ਅਮਲ ਵੀ ਕਰਦਾ ਹੈ। ਕਈ ਤਾਂ ਮਾਵਾਂ ਨੂੰ 'ਬਿਰਧ-ਘਰਾਂ' ਦਾ ਰਸਤਾ ਤਕ ਵੀ ਵਿਖਾ ਦਿੰਦੇ ਹਨ, ਸ਼ਾਇਦ ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਸਾਡੀ ਔਲਾਦ ਵੀ ਤਾਂ ਸਾਡੇ ਨਾਲ ਇਸੇ ਤਰ੍ਹਾਂ ਹੀ ਪੇਸ਼ ਆਵੇਗੀ ਕਿਉਂਕਿ ਇਕ ਕਹਾਵਤ ਹੈ ਕਿ 'ਜਿਹਾ ਬੀਜੋਗਾ, ਤਿਹਾ ਵੱਢੋਗੇ।' ਸਾਨੂੰ ਬਹੁਤ ਜ਼ਿਆਦਾ ਸੁਚੇਤ ਹੋਣ ਦੀ ਲੋੜ ਹੈ ਕਿਉਂਕਿ ਰੱਬ ਦਾ ਦੂਜਾ ਨਾਂ ਹੈ ਮਾਂ ਵਾਲੀ ਪੰਗਤੀ ਜੇਕਰ ਕਿਤੇ ਸਾਡੇ ਮਨ ਵਿਚ ਦ੍ਰਿੜ੍ਹ ਹੋ ਜਾਵੇਗੀ ਤਾਂ ਫਿਰ ਅਸੀਂ ਸਦਾ ਹੀ ਮਾਂ ਨੂੰ ਰੱਬ ਵਾਂਗੂ ਸਮਝਾਂਗੇ ਅਤੇ ਕਦੀ ਵੀ ਇਸ ਰੱਬ-ਰੂਪੀ ਮਾਂ ਨੂੰ 'ਬਿਰਧ-ਘਰ' ਨਹੀਂ ਜਾਣ ਦੇਵਾਂਗੇ।

## ਤੋਹਫ਼ਾ

ਮਾਂ ਤਾਂ ਰੱਬ ਤੋਂ ਪੁੱਤ ਦੇ ਪ੍ਰਾਣ ਤਕ ਵਾਪਸ ਲਿਆ ਸਕਦੀ ਹੈ। ਰੱਬ ਨੇ ਵੀ ਸਾਰੇ ਰਾਖਵੇਂ ਅਧਿਕਾਰ ਮਾਂ ਦੀ ਝੋਲੀ ਵਿਚ ਹੀ ਪਾਏ ਹੋਏ ਹਨ। ਸਾਨੂੰ ਮਾਂ-ਦਿਵਸ 'ਤੇ ਆਪਣੀ ਮਾਂ ਨੂੰ ਬਹੁਤ ਜ਼ਿਆਦਾ ਪਿਆਰ ਕਰਨ ਦਾ ਤੋਹਫ਼ਾ ਦੇਣਾ ਚਾਹੀਦਾ ਹੈ ਕਿਉਂਕਿ ਮਾਂ ਨੂੰ ਦੁਨਿਆਵੀ ਤੋਹਫ਼ਿਆਂ ਨਾਲੋਂ ਮੋਹ ਤੇ ਪਿਆਰ ਰੂਪੀ ਤੋਹਫ਼ਿਆਂ ਦੀ ਜ਼ਿਆਦਾ ਲੋੜ ਹੁੰਦੀ ਹੈ। ਕਿਸੇ ਗਾਇਕ ਨੇ ਵੀ ਤਾਂ ਮਾਂ ਦੀ ਉਪਮਾਂ ਬਾਬਤ ਸ਼ਾਇਦ ਇੰਝ ਕਿਹਾ ਹੈ ਕਿ 'ਮਾਂ ਹੁੰਦੀ ਏ ਮਾਂ ਉਹ ਦੁਨੀਆਂ ਵਾਲਿਉ, ਉਹ ਰੱਬ ਦਾ ਦੂਜਾ ਨਾਂ ਹੈ ਦੁਨੀਆਂ ਵਾਲਿਉ।' ਸੱਚ ਮੁੱਚ ਹੀ ਮਨੁੱਖ ਆਪਣੀ ਮਾਂ ਦਾ ਕਰਜ ਕਦੀ ਨਹੀਂ ਉਤਾਰ ਸਕਦਾ। ਜੇਕਰ ਕੁਝ ਕਰ ਸਕਦਾ ਹੈ ਤਾਂ ਆਪਣੀ ਮਾਂ ਨੂੰ ਸਦਾ ਹੀ ਖ਼ੁਸ਼ ਰੱਖੇ ਅਤੇ ਹਰ ਕੰਮ ਮਾਂ ਦੇ ਅਸ਼ੀਰਵਾਦ ਨਾਲ ਕਰੇ, ਫਿਰ ਵੇਖਿਓ ਕਿ ਕਿਵੇਂ 'ਬਰਕਤਾਂ' ਤੁਹਾਡੇ ਹਰੇਕ ਕੰਮ ਵਿਚ ਖ਼ੁਦ ਚੱਲ ਕੇ ਆਉਣਗੀਆਂ।

## ਆਦਰਸ਼ ਤੇ ਸੁਚੱਜਾ-ਸਮਾਜ

ਸਾਰੇ ਪੁੱਤਰ ਵੀ 'ਸਰਵਣ ਕੁਮਾਰ' ਵਾਂਗੂ ਆਪਣੇ ਮਾਂ-ਬਾਪ ਦੀ ਸੇਵਾ ਦਾ ਪ੍ਰਣ ਇਸ ਮਾਂ-ਦਿਵਸ 'ਤੇ ਕਰਨ। ਇਸ ਤਰ੍ਹਾਂ ਦੇ ਸੁਚੱਜੇ ਕੰਮ ਸਮਾਜ ਨੂੰ ਇਕ ਆਦਰਸ਼ ਤੇ ਸੁਚੱਜਾ-ਸਮਾਜ ਬਣਾ ਦੇਣਗੇ ਤੇ ਵੈਰ-ਵਿਰੋਧ ਖੰਭ ਲਾ ਕੇ ਉੱਡ ਜਾਣਗੇ। ਆਉ, ਫਿਰ ਸਾਰੇ ਹੀ ਜਣੇ ਇਸ ਪਵਿੱਤਰ ਦਿਹਾੜੇ 'ਤੇ ਰੱਬ-ਰੂਪੀ ਮਾਂ ਦੀਆਂ ਸਾਰੀਆਂ ਹੀ ਅਸੀਸਾਂ ਲਈਏ ਤੇ ਆਪਣੀ ਜ਼ਿੰਦਗੀ ਨੂੰ ਵੀ ਸਵਰਗ ਬਣਾ ਲਈਏ। ਅੰਤ ਵਿਚ ਪੇਸ਼ ਹਨ ਕਿਸੇ ਗੀਤ ਦੀਆਂ ਇਹ ਸਤਰਾਂ :

ਮਾਂ ਵਰਗਾ ਘਣਛਾਵਾਂ ਬੂਟਾ
ਮੈਨੂੰ ਕਿਧਰੇ ਨਜ਼ਰ ਨਾ ਆਵੇ
ਲੈ ਕੇ ਜਿਸ ਤੋਂ ਛਾਂ ਉਧਾਰੀ
ਰੱਬ ਨੇ ਸਵਰਗ ਬਣਾਏ। •

### ਮਾਵਾਂ ਨਾਲ ਬਦਸਲੂਕੀ

ਰੱਬਾ! ਹਰੇਕ ਬੱਚੇ ਦੀ ਮਾਂ ਸਲਾਮਤ ਰਹੇ ਤੇ ਆਪਣੇ ਬਣਦੇ ਕਾਰਜ ਪੂਰੀ ਤਰ੍ਹਾਂ ਕਰ ਕੇ ਹੀ ਦੁਨੀਆ ਤੋਂ ਜਾਵੇ। ਇਸ 'ਦੂਆ' ਨੂੰ ਤੂੰ ਕਬੂਲ ਜ਼ਰੂਰ ਕਰੀਂ। ਮਾਵਾਂ ਸਿਦਕ ਤੇ ਸ਼ਹਿਣਸ਼ੀਲਤਾ ਦੀ ਮੂਰਤ ਹੁੰਦੀਆਂ ਹਨ। ਬੱਚਿਆਂ ਨੂੰ ਕਦੀ ਵੀ ਆਪਣੀਆਂ ਮਾਂਵਾ ਨਾਲ ਬਦਸਲੂਕੀ ਨਾਲ ਪੇਸ਼ ਨਹੀਂ ਆਉਣਾ ਚਾਹੀਦਾ, ਸਗੋਂ ਹਰੇਕ ਮਨੁੱਖ ਨੂੰ ਆਪਣੀ ਪਤਨੀ, ਭੈਣ-ਭਾਈ ਅਤੇ ਬਾਕੀ ਰਿਸ਼ਤੇਦਾਰਾਂ ਨੂੰ ਥਾਉਂ-ਥਾਈਂ ਰੱਖਦਿਆਂ ਹੋਇਆ ਵੱਧ ਤੋਂ ਵੱਧ ਪਿਆਰ ਆਪਣੀ ਮਾਂ ਨੂੰ ਵੀ ਕਰਨਾ ਚਾਹੀਦਾ ਹੈ। ਕਹਿੰਦੇ ਹਨ ਕਿ ਮਾਵਾਂ ਦੇ ਪੈਰਾਂ ਵਿਚ 'ਜੰਨਤ' ਹੁੰਦੀ ਹੈ ਪਰ ਇਸ ਦਾ ਨਿੱਘ ਉਹੀ ਮਾਣ ਸਕਦੇ ਹਨ ਜਿਹੜੇ ਆਪਣੀ ਮਾਂ ਨੂੰ ਦਿਲੋਂ ਸਤਿਕਾਰਦੇ ਹਨ। ਸ਼ਾਇਦ ਤਾਂ ਹੀ ਤਾਂ ਰੱਬ ਦਾ ਦੂਜਾ ਨਾਂ ਮਾਂ ਹੈ। ਇਸ ਲਈ ਮਾਂ ਦਾ ਸਤਿਕਾਰ ਸਿੱਧਾ ਰੱਬ ਦਾ ਹੀ ਸਤਿਕਾਰ ਹੈ।



**ਕਈ ਬੱਚੇ ਮਾਂ ਨੂੰ 'ਰੱਬ' ਸਮਝ ਕੇ ਪੂਜਦੇ ਹਨ ਤੇ ਘਰੋਂ ਕਿਤੇ ਵੀ ਜਾਣ ਤੋਂ ਪਹਿਲਾਂ ਉਸ ਦਾ ਅਸ਼ੀਰਵਾਦ ਲੈਣਾ ਨਹੀਂ ਭੁੱਲਦੇ। ਕਈ ਅਸ਼ੀਰਵਾਦ ਤਾਂ ਬੜੀ ਦੂਰ ਦੀ ਗੱਲ ਮਾਂ ਨੂੰ ਦੱਸ-ਪੁੱਛ ਕੇ ਵੀ ਨਹੀਂ ਜਾਂਦੇ। ਖ਼ੈਰ, ਸਾਰੇ ਬੱਚੇ ਇੱਕੋ ਜਿਹੇ ਨਹੀਂ ਹੁੰਦੇ ਪਰ ਜਿਹੜੇ ਮਾਂ ਦੀ ਕਦਰ ਕਰਦੇ ਹਨ ਉਹ ਹਰ ਥਾਂ ਸਫਲ ਹੁੰਦੇ ਹਨ...**



### ਅਸ਼ੀਰਵਾਦ

ਮਨੁੱਖ ਵੱਡੀ ਤੋਂ ਵੱਡੀ ਪਦਵੀਂ ਜਾਂ ਅਹੁਦਾ ਜਿੰਨੀ ਛੇਤੀ ਮਾਂ ਦੇ ਅਸ਼ੀਰਵਾਦ ਨਾਲ ਪ੍ਰਾਪਤ ਕਰ ਸਕਦਾ ਹੈ। ਸ਼ਾਇਦ ਹੋਰ ਕਿਸੇ ਵੀ ਤਰੀਕੇ ਨਾਲ ਨਹੀਂ ਕਰ ਸਕਦਾ। ਇਕ ਹੋਰ ਗੱਲ ਇੱਥੇ ਵਿਚਾਰਨੀ ਜ਼ਰੂਰੀ ਹੈ ਕਿ ਕਈ ਆਪਣੀਆਂ ਮਾਵਾਂ ਨੂੰ ਅਨਪੜ੍ਹ ਜਾਂ ਘੱਟ ਪੜ੍ਹੀਆਂ-ਲਿਖੀਆਂ ਹੋਣ ਕਰਕੇ ਸਕੂਲ-ਕਾਲਜ ਦੀ ਮੀਟਿੰਗ 'ਚ ਜਾਂ ਕਿਸੇ ਵੀ ਵੱਡੇ ਸਮਾਰੋਹ ਵਿਚ ਲਿਜਾਣ ਤੋਂ ਕੰਨੀਂ ਕਤਰਾਉਦੇ ਹਨ। ਯਾਦ ਰੱਖਿਉ ਕਿ ਕੋਈ ਔਲਾਦ ਭਾਵੇਂ ਜਿੰਨੀ ਮਰਜ਼ੀ ਪੜ੍ਹ-ਲਿਖ ਜਾਵੇ, ਭਾਵੇਂ ਦੇਸ਼ ਦੇ ਸਭ ਤੋਂ ਉੱਚ ਅਹੁਦੇ 'ਤੇ ਵੀ ਹੋਵੇ, ਆਪਣੀ ਮਾਂ ਤੋਂ ਵੱਡੀ ਕਦੇ ਵੀ ਨਹੀਂ ਹੋ ਸਕਦੀ। ਇਹ ਗੱਲ ਹਮੇਸ਼ਾ ਹੀ ਆਪਣੇ ਮਨ 'ਚ ਸਾਨੂੰ ਬਿਠਾ ਲੈਣੀ ਚਾਹੀਦੀ ਹੈ ਕਿ ਔਲਾਦ ਨੂੰ 'ਹੀਰੋ' ਬਣਾਉਣ ਵਾਲੀ ਮਾਂ ਕਦੇ ਵੀ 'ਜ਼ੀਰੋ' ਨਹੀਂ ਹੋ ਸਕਦੀ। ਉਹ ਸਦਾ ਹੀ ਹੀਰੋ ਸੀ, ਹੀਰੋ ਹੈ ਅਤੇ ਹੀਰੋ ਹੀ ਰਹੇਗੀ ਭਾਵੇਂ ਪੜ੍ਹੀ ਹੋਵੇ ਜਾਂ ਨਾ, ਇਹ ਅਲੱਗ ਮਸਲਾ ਹੈ। ਅਗਲੀ ਗੱਲ ਇਹ ਹੈ ਕਿ ਬੇਟੀ ਵੀ ਇਕ ਸੁਚੱਜੀ ਧੀ ਬਣਨ ਲਈ ਅਗਵਾਈ ਸਦਾ ਹੀ ਆਪਣੀ ਮਾਂ ਤੋਂ ਲਵੇ। ਇਕ ਨੂੰਹ ਵੀ ਆਪਣੀ ਸਕੀ-ਮਾਂ ਵਾਂਗੂ ਸੱਸ ਨਾਲ ਪਿਆਰ ਕਰੇ ਤੇ ਸੱਸ ਵੀ ਸਕੀ-ਮਾਂ ਬਣ ਕੇ ਨੂੰਹ ਦੇ ਚਾਅ ਕਰੇ।



ਮਨੀਸ਼ਾ ਬੱਤਰਾ
098912-71517

**ਇਹ ਮਾਂ ਹੀ ਹੁੰਦੀ ਹੈ ਜੋ ਮਨੁੱਖ ਨੂੰ ਜ਼ਿੰਦਗੀ ਜਿਊਣ ਦੀ ਸੇਧ ਦਿੰਦੀ ਹੈ। ਉਹ ਸਭ ਕੁਝ ਸਮਝ ਸਕਦੀ ਹੈ ਜੋ ਅਸੀਂ ਆਪਣੇ ਬਾਰੇ ਸੋਚ ਵੀ ਨਹੀਂ ਸਕਦੇ...**

# ਮਾਂ ਨੂੰ ਦਿਉ ਸਤਿਕਾਰ ਦਾ ਤੋਹਫ਼ਾ

'ਮਾਂ' ਜਦੋਂ ਵੀ ਇਹ ਸ਼ਬਦ ਮਨ ਦੀਆਂ ਤਰੰਗਾਂ ਤੋਂ ਹੁੰਦਾ ਹੋਇਆ ਸ਼ਬਦਾਂ ਦੇ ਸੰਸਾਰ ਦੀ ਯਾਤਰਾ ਕਰਦਾ ਹੈ ਤਾਂ ਅਜਿਹਾ ਮਹਿਸੂਸ ਹੁੰਦਾ ਹੈ ਕਿ ਪੂਰੇ ਬ੍ਰਹਿਮੰਡ ਦੇ ਦਰਸ਼ਨ ਹੋ ਗਏ ਹੋਣ। ਇੰਝ ਲੱਗਦਾ ਹੈ ਜਿਵੇਂ ਸੂਰਜ, ਚੰਨ ਤੇ ਸਿਤਾਰੇ ਸਭ ਮਾਂ ਨੂੰ ਮਿਲਣ ਆਏ ਹੋਣ ਰੱਬ ਆਪ ਆ ਕੇ ਮਾਂ ਦੇ ਪੈਰਾਂ 'ਚ ਡਿੱਗ ਕੇ ਕਹਿੰਦਾ ਹੋਵੇ 'ਮਾਂ ਤੂੰ ਠੀਕ ਹੈ, ਮੇਰੇ ਤੋਂ ਪਹਿਲਾਂ ਅਗਰ ਇਨਸਾਨ ਕਿਸੇ ਨੂੰ ਯਾਦ ਕਰਦਾ ਹੈ ਤਾਂ ਉਹ ਸਿਰਫ਼ ਤੂੰ ਹੈ, ਜ਼ਰਾ ਆਪਣਾ ਖ਼ਿਆਲ ਰੱਖਿਆ ਕਰ ਮਾਂ !!! ਕਿਉਂਕਿ ਇਹ ਸਿਰਫ਼ ਤੂੰ ਹੀ ਤਾਂ ਹੈ ਜੋ ਦੂਜਿਆਂ ਦੀ ਜਗ੍ਹਾ ਲੈ ਸਕਦੀ ਹੈ ਪਰ ਤੇਰੀ 'ਥਾਂ' ਹੋਰ ਕੋਈ ਨਹੀਂ ਲੈ ਸਕਦਾ। ਇਹ ਗੱਲ ਸਹੀ ਹੈ ਕਿ ਮਾਂ ਕਿਸੇ ਦੀ ਵੀ ਹੋਵੇ, ਪੜ੍ਹੀ-ਲਿਖੀ ਹੋਵੇ ਜਾਂ ਅਨਪੜ੍ਹ ਉਸ ਦੇ ਪਿਆਰ ਦਾ ਅਹਿਸਾਸ ਸਰਵਵਿਆਪੀ ਤੇ ਇਕਸਾਰ ਹੁੰਦਾ ਹੈ। ਜਦੋਂ ਵੀ ਅਸੀਂ ਆਪਣੀ ਜ਼ਿੰਦਗੀ ਵਿਚ ਅਸਫ਼ਲ ਹੁੰਦੇ ਹੋ ਤਾਂ ਉਹ ਸਾਨੂੰ ਦੁਨੀਆ ਦੀ ਹਰ ਸਮੱਸਿਆ ਤੋਂ ਬਾਹਰ ਕੱਢ ਲੈਂਦੀ ਹੈ। ਮਾਂ ਹੀ ਹੁੰਦੀ ਹੈ ਜੋ ਮਨੁੱਖ ਨੂੰ ਜ਼ਿੰਦਗੀ ਜਿਊਣ ਦੀ ਸਭ ਤੋਂ ਵਧੀਆ ਸੇਧ ਦਿੰਦੀ ਹੈ। ਮਾਂ ਉਹ ਸਭ ਕੁਝ ਸਮਝ ਸਕਦੀ ਹੈ ਜੋ ਅਸੀਂ ਆਪਣੇ ਬਾਰੇ ਸੋਚ ਵੀ ਨਹੀਂ ਸਕਦਾ। ਉਂਜ ਤਾਂ ਹਰ ਦਿਨ ਮਾਂ, ਉਸ ਦੇ ਪਿਆਰ ਤੇ ਬਲਿਦਾਨ ਨੂੰ ਸਮਰਪਤ ਹੁੰਦਾ ਹੈ ਪਰ ਇਸ ਦੇ ਨਾਲ ਹੀ ਇਕ ਹੋਰ ਖ਼ਾਸ ਦਿਨ ਮਾਂ ਦੇ ਸਮਰਪਣ ਵਿਚ ਮਨਾਇਆ ਜਾਂਦਾ ਹੈ ਜਿਸ ਨੂੰ ਅਸੀਂ 'ਮਾਂ-ਦਿਵਸ' ਦੇ ਤੌਰ 'ਤੇ ਮਨਾਉਂਦੇ ਹਾਂ। ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਮਾਂ ਦਿਵਸ ਮਨਾਇਆ ਜਾਂਦਾ ਹੈ ਤੇ ਇਸ ਸਾਲ ਇਹ ਵਿਸ਼ੇਸ਼ ਦਿਨ 12 ਮਈ ਨੂੰ ਮਨਾਇਆ ਜਾ ਰਿਹਾ ਹੈ। ਹਾਲਾਂਕਿ ਅਸੀਂ ਕੁਝ ਵੀ ਕਰ ਕੇ ਆਪਣੀ ਮਾਂ ਦੁਆਰਾ ਕੀਤੇ ਗਏ ਕੰਮਾਂ ਦੀ ਸ਼ੁਕਰਗੁਜ਼ਾਰੀ ਨਹੀਂ ਕਰ ਸਕਦੇ ਪਰ ਅਸੀਂ ਇਸ ਦਿਨ ਨੂੰ ਮਨਾ ਕੇ ਇਕ ਵਾਰ ਫਿਰ ਆਪਣੀ ਮਾਂ ਨੂੰ ਇਹ ਯਾਦ ਕਰਾ ਸਕਦੇ ਹਾਂ ਕਿ 'ਉਹ ਸਾਡੇ ਲਈ ਅਨਮੋਲ ਹੈ।' ਮਾਂ ਆਪਣੇ ਪਰਿਵਾਰ ਲਈ ਬਹੁਤ ਸਾਰੀਆਂ ਕੁਰਬਾਨੀਆਂ ਦਿੰਦੀ ਹੈ ਪਰ ਉਸ ਦੁਆਰਾ ਕੀਤੇ ਬਲੀਦਾਨਾਂ ਨੂੰ ਹਮੇਸ਼ਾ ਤੋਂ ਹੀ ਨਜ਼ਰ ਅੰਦਾਜ਼ ਕੀਤਾ ਜਾਂਦਾ ਰਿਹਾ ਹੈ। ਆਮ ਤੌਰ 'ਤੇ ਘਰੇਲੂ ਅਤੇ ਆਫ਼ਿਸ ਦੀਆਂ ਬਹੁਤ ਜ਼ਿਆਦਾ ਜ਼ਿੰਮੇਵਾਰੀਆਂ ਅਤੇ ਰੁਝੇਵੇਂ ਕਾਰਣ ਮਾਵਾਂ ਆਪਣੀ ਸਿਹਤ ਨੂੰ ਨਜ਼ਰ ਅੰਦਾਜ਼ ਕਰ ਦਿੰਦਿਆਂ ਹਨ। ਉਹ ਹਰ ਸਮੇਂ ਆਪਣੇ ਪਰਿਵਾਰ, ਬੱਚਿਆਂ ਦੀ ਦੇਖਭਾਲ ਅਤੇ ਉਨ੍ਹਾਂ ਨੂੰ ਪਾਲਣ ਵਿਚ ਲੱਗੀਆਂ ਰਹਿੰਦੀਆਂ ਹਨ। ਜਦੋਂ ਬੱਚੇ ਵੱਡੇ ਹੋ ਜਾਂਦੇ ਹਨ ਤਾਂ ਉਹ ਆਪਣਾ ਕੈਰੀਅਰ ਬਣਾਉਣ ਦੇ ਰੁਝੇਵਿਆਂ ਵਿਚ ਇਸ ਕਦਰ ਫੱਸ ਜਾਂਦੇ ਹਨ ਕਿ ਉਨ੍ਹਾਂ ਨੂੰ ਆਪਣੀ ਮਾਂ ਦੀ ਸਿਹਤ ਦਾ ਖ਼ਿਆਲ ਹੀ ਨਹੀਂ ਰਹਿੰਦਾ। ਸਾਡੀ ਨੈਤਿਕ ਜ਼ਿੰਮੇਂਵਾਰੀ ਬਣਦੀ ਹੈ ਕਿ 'ਮਾਂ-ਦਿਵਸ' 'ਤੇ ਕਿਸੇ ਕੀਮਤੀ ਤੋਹਫ਼ੇ ਤੋਂ ਜ਼ਿਆਦਾ ਕੀਮਤੀ ਉਪਹਾਰ ਉਸ ਨੂੰ ਸਤਿਕਾਰ ਦਿੱਤਾ ਜਾਵੇ। ਆਉ ਅਸੀਂ ਸਾਰੇ ਆਪਣੀ ਮਾਂ ਨੂੰ ਖ਼ਾਸ ਮਹਿਸੂਸ ਕਰਾਉਣ ਤੇ ਉਸ ਦੀ ਦੇਖਭਾਲ ਕਰਨ ਦਾ ਵਾਅਦਾ ਕਰੀਏ। ਮਾਂ ਨੂੰ 'ਉਸ ਦੀ ਸਿਹਤ' ਨੂੰ ਤਰਜੀਹ ਦੇਣ ਬਾਰੇ ਪ੍ਰੇਰਿਤ ਕਰੀਏ ਤਾਂ ਜੋ ਉਹ ਸਿਹਤਮੰਦ ਅਤੇ ਸੁਰੱਖਿਅਤ ਜੀਵਨ ਦਾ ਅਨੰਦ ਮਾਣ ਸੱਕੇ। ਇਸ ਦਿਵਸ ਦੇ ਮੌਕੇ 'ਤੇ ਸਾਨੂੰ ਸਾਰਿਆਂ ਨੂੰ ਸਮੇਂ-ਸਮੇਂ 'ਤੇ ਉਨ੍ਹਾਂ ਦੀ ਸਿਹਤ ਦੀ ਜਾਂਚ-ਪੜਤਾਲ ਕਰਵਾਉਣ ਵਿਚ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਹਮੇਸ਼ਾ ਉਨ੍ਹਾਂ ਨਾਲ ਰਹਿ ਕੇ ਉਨ੍ਹਾਂ ਦਾ ਸਾਥ ਦੇਣਾ ਚਾਹੀਦਾ ਹੈ। ਮਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਉਮਰ ਭਾਵੇਂ ਕੁਝ ਵੀ ਹੋਵੇ ਪਰ ਤੰਦਰੁਸਤ ਜੀਵਨ ਜਿਊਣਾ ਉਨ੍ਹਾਂ ਦਾ ਮੌਲਿਕ ਅਧਿਕਾਰ ਹੈ। ਸਾਡੀ ਜ਼ਿੰਮੇਂਵਾਰੀ ਬਣਦੀ ਹੈ ਕਿ ਉਨ੍ਹਾਂ ਨੂੰ ਸਮਝਾਈਏ ਕਿ ਉਹ ਆਪਣੀ ਖ਼ੁਰਾਕ ਵਿਚ ਫਲ਼ਾਂ ਤੇ ਸਬਜ਼ੀਆਂ ਨੂੰ ਜ਼ਿਆਦਾ ਮਾਤਰਾ ਵਿਚ ਸ਼ਾਮਲ ਕਰਨਾ ਕਿਉਂਕਿ ਇਹ ਸਰੀਰ ਨੂੰ ਜ਼ਰੂਰੀ ਫ਼ਾਇਬਰ, ਵਿਟਾਮਿਨ ਅਤੇ ਖਣਿਜ ਪ੍ਰਦਾਨ ਕਰਦੇ ਹਨ। ਇਸ ਦੇ ਨਾਲ ਇਹ ਕੈਂਸਰ ਅਤੇ ਹੋਰ ਗੰਭੀਰ ਬਿਮਾਰੀਆਂ ਦੇ ਖ਼ਤਰੇ ਨੂੰ ਵੀ ਘਟਾਉਂਦੇ ਹਨ। ਉਨ੍ਹਾਂ ਨੂੰ ਲੂਣ-ਮਿੱਠੇ ਦੀ ਮਾਤਰਾ ਨੂੰ ਸੀਮਿਤ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਤੇ ਜਿੰਨਾ ਹੋ ਸਕੇ ਪਾਣੀ ਪੀਣ ਲਈ ਕਹਿਣਾ ਚਾਹੀਦਾ ਹੈ। ਸਾਨੂੰ ਸਾਰਿਆਂ ਨੂੰ ਮਾਵਾਂ ਨੂੰ ਨਿਯਮਿਤ ਤੌਰ 'ਤੇ ਚੈੱਕਅਪ ਕਰਾਉਣ ਲਈ ਆਪਣੇ ਨਾਲ ਲੈ ਕੇ ਜਾਣਾ ਚਾਹੀਦਾ ਹੈ। ਸਾਨੂੰ ਅਜਿਹਾ ਵਾਤਾਵਰਣ ਤਿਆਰ ਕਰਨ ਕਰਨਾ ਚਾਹੀਦਾ ਹੈ ਜਿਸ ਵਿਚ ਉਹ ਆਪਣੀ ਨੀਂਦ ਪੂਰੀ ਕਰ ਸਕਣ ਆਦਿ। ਇਨ੍ਹਾਂ ਨਿੱਕੇ-ਨਿੱਕੇ ਨੁਕਤਿਆਂ ਨਾਲ ਹੀ ਅਸੀਂ ਆਪਣੀ ਮਾਂ ਦੀ ਸਿਹਤ ਦਾ ਖ਼ਿਆਲ ਕਰ ਸਕਦੇ ਹਾਂ। ਪਰਿਵਾਰ ਵਿਚ ਸਿਰਫ਼ ਇਕ ਮਾਂ ਦੀ ਸਿਹਤ ਹੁੰਦੀ ਹੈ ਜੋ ਪ੍ਰਤੱਖ-ਪਰੋਖ ਰੂਪ ਵਿਚ ਪਰਿਵਾਰ ਦੇ ਸਾਰੇ ਮੈਂਬਰਾਂ ਦੇ ਨਾਲ-ਨਾਲ ਪੂਰੇ ਸਮਾਜ ਨੂੰ ਪ੍ਰਭਾਵਿਤ ਕਰਦੀ ਹੈ। ਸੋ, ਆਉ ਮਾਂ ਦਿਵਸ ਦੇ ਇਸ ਮੌਕੇ 'ਤੇ ਇਸ ਤੋਹਫ਼ੇ ਨੂੰ ਹਰ ਮਾਂ ਨੂੰ ਦੇਈਏ। •

ਜਸਪ੍ਰੀਤ ਕੌਰ ਸੰਘਾ

# ਸ਼ਹਿਦ ਤੋਂ ਮਿੱਠੀ ਹੁੰਦੀ ਹੈ ਮਮਤਾ

ਮਾਂ ਸ਼ਬਦ ਲਿਖਣ ਅਤੇ ਬੋਲਣ ਵਿਚ ਜਿੰਨਾ ਛੋਟਾ ਹੈ ਇਸ ਦੇ ਅਰਥ ਉਨੇ ਹੀ ਡੂੰਘੇ ਹਨ। ਜਨਮਦਾਤੀ ਹੈ ਮਾਂ। ਮਮਤਾ ਦਾ ਸਾਗਰ ਅਤੇ ਤਿਆਗ ਦੀ ਮੂਰਤ ਹੈ ਮਾਂ। ਦੁਨੀਆ ਦਾ ਹਰ ਰਿਸ਼ਤਾ ਸਵਾਰਥੀ ਹੋ ਸਕਦਾ ਹੈ ਪਰ ਮਾਂ ਦੀ ਮਮਤਾ ਨਿਸਵਾਰਥ ਹੁੰਦੀ ਹੈ। ਮਾਂ ਦੀ ਮਮਤਾ ਵਿਚ ਛਲ, ਕਪਟ, ਧੋਖਾ ਨਹੀਂ ਹੁੰਦਾ। ਮਾਂ ਦੀ ਮਮਤਾ ਤਾਂ ਪਾਕ ਹੁੰਦੀ ਹੈ। ਧਰਤੀ ਉੱਪਰ ਰੱਬ ਦਾ ਦੂਸਰਾ ਰੂਪ ਹੈ ਮਾਂ। ਸ਼ਹਿਦ ਨਾਲੋਂ ਵੀ ਮਿੱਠੀ ਹੁੰਦੀ ਹੈ ਮਾਂ ਦੀ ਮਮਤਾ। ਪਹਾੜ ਨਾਲੋਂ ਵੀ ਵੱਡਾ ਜੇਰਾ ਹੁੰਦਾ ਹੈ ਮਾਂ ਦਾ। ਇਸੇ ਲਈ ਇਕ ਮਾਂ ਆਪਣੀ ਔਲਾਦ ਲਈ ਵੱਡੀ ਤੋਂ ਵੱਡੀ ਮੁਸ਼ਕਿਲ ਨਾਲ ਵੀ ਟਕਰਾ ਜਾਂਦੀ ਹੈ। ਜੋ ਇਨਸਾਨ ਆਪਣੀ ਮਾਂ ਦੀ ਕਦਰ ਕਰਦਾ ਹੈ ਉਸ ਨੂੰ ਧਰਤੀ 'ਤੇ ਹੀ ਜੰਨਤ ਮਿਲ ਜਾਂਦੀ ਹੈ :

ਮਾਵਾਂ, ਮਾਵਾਂ, ਮਾਵਾਂ
ਮਾਂ ਜੰਨਤ ਦਾ ਪਰਛਾਵਾਂ
ਮਾਏ ਤੇਰੇ ਵਿਹੜੇ ਵਿਚ ਰੱਬ ਵਸਦਾ
ਤੈਥੋਂ ਪਲ ਵੀ ਦੂਰ ਨਾ ਜਾਵਾਂ...

ਮਾਂ ਬਣਨ ਦਾ ਸੁਭਾਗ ਪਰਮਾਤਮਾ ਨੇ ਔਰਤ ਨੂੰ ਹੀ ਬਖ਼ਸ਼ਿਆ ਹੈ ਕਿਉਂਕਿ ਔਰਤ ਅੰਦਰ ਮਰਦ ਨਾਲੋਂ ਕਿਤੇ ਜ਼ਿਆਦਾ ਸਹਿਣ-ਸ਼ਕਤੀ ਹੁੰਦੀ ਹੈ। ਮਾਂ ਅਖਵਾਉਣ ਲਈ ਇਕ ਔਰਤ ਜ਼ਿੰਦਗੀ ਅਤੇ ਮੌਤ ਨਾਲ ਲੜਦੀ ਹੈ। ਬੱਚੇ ਦੇ ਜਨਮ ਸਮੇਂ ਜੋ ਪੀੜਾ ਔਰਤ ਸਹਿੰਦੀ ਹੈ ਮਰਦ ਉਸ ਬਾਰੇ ਸੋਚ ਵੀ ਨਹੀਂ ਸਕਦਾ ਪਰ ਆਪਣੇ ਬੱਚੇ ਦੀ ਇਕ ਮੁਸਕਾਨ ਨਾਲ ਉਹ ਆਪਣੇ ਸਾਰੇ ਦਰਦ ਭੁਲਾ ਦਿੰਦੀ ਹੈ। ਦੁਨੀਆ ਦਾ ਹਰ ਕਰਜ਼ ਚੁਕਾਇਆ ਜਾ ਸਕਦਾ ਹੈ ਪਰ ਮਾਂ ਦੀ ਮਮਤਾ ਦਾ ਕਰਜ਼ ਔਲਾਦ ਕਦੇ ਨਹੀਂ ਚੁੱਕਾ ਸਕਦੀ। ਇਕ ਮਾਂ ਆਪਣੀ ਔਲਾਦ ਖ਼ਾਤਰ ਸਾਰੀ ਜ਼ਿੰਦਗੀ ਕੁਰਬਾਨੀ ਦਿੰਦੀ ਹੈ। ਖ਼ੁਦ ਗਿੱਲੇ 'ਤੇ ਸੌਂ ਜਾਵੇਗੀ ਤਾਂ ਕਿ ਉਸ ਦਾ ਬੱਚਾ ਸੁੱਕੇ ਥਾਂ ਸੌਂਵੇ। ਖ਼ੁਦ ਭੁੱਖੀ ਰਹਿ ਲਵੇਗੀ ਤਾਂ ਕਿ ਉਸ ਦੇ ਬੱਚੇ ਦਾ ਢਿੱਡ ਭਰ ਜਾਵੇ। ਬੱਚੇ ਦੀ ਪਹਿਲੀ ਗੁਰੂ ਉਸ ਦੀ ਮਾਂ ਹੀ ਹੁੰਦੀ ਹੈ। ਮਾਂ ਦੀ ਉਂਗਲੀ ਫੜ ਕੇ ਹੀ ਬੱਚਾ ਚਲਣਾ ਸਿੱਖਦਾ ਹੈ। ਬੱਚਾ ਮਾਂ ਦੀ ਪਰਛਾਈ ਹੁੰਦਾ ਹੈ। ਮਾਂ ਦੇ ਵਜੂਦ ਦਾ ਇਕ ਅੰਸ਼। ਮਾਂ ਆਪਣੀ ਔਲਾਦ ਦੀ ਹਰ ਰਮਜ਼ ਨੂੰ ਪਛਾਣਦੀ ਹੈ। ਉਹ ਦੀ ਸਾਰੀ ਦੁਨੀਆ ਉਸ ਦੀ ਔਲਾਦ ਹੀ ਹੁੰਦੀ ਹੈ। ਮਾਂ ਦੇ ਦਿਲੋ ਆਪਣੀ ਔਲਾਦ ਲਈ ਹਮੇਸ਼ਾ ਅਸੀਸਾਂ ਹੀ ਨਿਕਲਦੀਆਂ ਹਨ। ਮਾਂ ਦੀ ਮਮਤਾ ਤਾਂ ਉਸ ਛਾਂਦਾਰ ਰੁੱਖ ਦੀ ਤਰ੍ਹਾਂ ਹੁੰਦੀ ਹੈ ਜੋ ਸਭ ਨੂੰ ਛਾਂ ਦਿੰਦਾ ਹੈ ਪਰ ਆਪ ਧੁੱਪਾਂ ਜਰਦਾ ਹੈ। ਮਾਂ ਦੀ ਮਮਤਾ ਹੀ ਔਲਾਦ ਨੂੰ ਜ਼ਿੰਦਗੀ ਦੀਆਂ ਧੁੱਪਾਂ ਅਤੇ ਝੱਖੜਾਂ ਤੋਂ ਬਚਾਉਂਦੀ ਹੈ। ਇਹ ਸੱਚ ਹੈ ਕਿ ਮਾਂ ਦੀ ਬੁੱਕਲ ਵਿਚ ਹੀ ਅਸਲੀ ਸਵਰਗ ਹੈ। ਜਿਸ ਕੋਲ ਮਾਂ ਹੈ ਉਸ ਜਿਹਾ ਖ਼ੁਸ਼ਨਸੀਬ ਇਸ ਦੁਨੀਆ 'ਤੇ ਕੋਈ ਨਹੀਂ ਹੋ ਸਕਦਾ ਅਤੇ ਜਿਸ ਦੀ ਮਾਂ ਨਾ ਹੋਵੇ ਉਸ ਜਿਹਾ ਬਦਨਸੀਬ ਕੋਈ ਨਹੀਂ ਹੋ ਸਕਦਾ। ਜਿਸ ਇਨਸਾਨ ਨੇ ਸੱਚੇ ਦਿਲੋਂ ਮਾਂ ਦੀ ਸੇਵਾ ਕਰ ਲਈ ਉਸ ਨੂੰ ਤੀਰਥਾਂ 'ਤੇ ਜਾਣ ਦੀ ਜ਼ਰੂਰਤ ਨਹੀਂ ਕਿਉਂਕਿ ਅਸਲੀ ਤੀਰਥ ਤਾਂ ਮਾਂ ਦੇ ਪੈਰਾਂ ਵਿਚ ਹੁੰਦਾ ਹੈ। ਵੱਡੇ ਤੋਂ ਵੱਡੇ ਰਾਜੇ ਮਹਾਰਾਜੇ ਵੀ ਮਾਂ ਦੀ ਮਮਤਾ ਦੀ ਕੀਮਤ ਨਹੀਂ ਚੁੱਕਾ ਸਕਦੇ ਕਿਉਂਕਿ ਮਮਤਾ ਅਨਮੋਲ ਹੁੰਦੀ ਹੈ :

ਮਾਂ ਤੂੰ ਮਮਤਾ ਦੀ ਮੂਰਤ ਹੈਂ
ਮਾਂ ਤੂੰ ਮੇਰੀ ਜ਼ਰੂਰਤ ਹੈਂ
ਮਾਂ ਤੂੰ ਮੇਰਾ ਅਭਿਮਾਨ ਹੈਂ
ਮਾਂ ਤੂੰ ਮੇਰਾ ਭਗਵਾਨ ਹੈਂ। •

99150 -33176



**ਪਰਮਾਤਮਾ ਨੇ ਮਾਂ ਬਣਨ ਦਾ ਸੁਭਾਗ ਸਿਰਫ਼ ਔਰਤ ਨੂੰ ਹੀ ਬਖ਼ਸ਼ਿਆ ਹੈ ਕਿਉਂਕਿ ਔਰਤ ਅੰਦਰ ਮਰਦ ਨਾਲੋਂ ਕਿਤੇ ਜ਼ਿਆਦਾ ਸਹਿਣ-ਸ਼ਕਤੀ ਹੁੰਦੀ ਹੈ...**



ਕਮਲ ਬਰਾੜ

# ਮੇਰਾ ਪਹਿਲਾ ਗੁਰੂ ਮੇਰੀ ਮਾਂ

ਬੱਚੇ ਦਾ ਪਹਿਲਾ ਗੁਰੂ, ਆਧਿਆਪਕ ਉਸ ਦੀ ਮਾਂ ਹੀ ਹੁੰਦੀ ਹੈ। ਬੱਚਾ ਮਾਂ ਕੋਲੋਂ ਬਹੁਤ ਕੁਝ ਸਿੱਖਦਾ ਹੈ। ਉਹ ਪਹਿਲਾ ਸ਼ਬਦ ਵੀ ਮਾਂ ਹੀ ਬੋਲਦਾ ਹੈ। ਬੱਚੇ ਦੀ ਸ਼ਖ਼ਸੀਅਤ ਤੇ ਬਹੁਤਾ ਪ੍ਰਭਾਵ ਉਸ ਦੀ ਮਾਂ ਦਾ ਹੀ ਹੁੰਦਾ ਹੈ ਤੇ ਉਸ ਦਾ ਵਿਕਾਸ ਵੀ ਉਸ ਦੀ ਮਾਂ ਦੀ ਸ਼ਖ਼ਸੀਅਤ 'ਤੇ ਨਿਰਭਰ ਕਰਦਾ ਹੈ। ਆਮ ਤੌਰ 'ਤੇ ਕੁਝ ਲੋਕ ਇਹ ਕਹਿ ਦਿੰਦੇ ਹਨ ਕਿ ਚੋਰ ਨੂੰ ਨਾ ਮਾਰੋ, ਚੋਰ ਦੀ ਮਾਂ ਨੂੰ ਮਾਰੋ ਪਰ ਕੋਈ ਵੀ ਮਾਂ ਨਹੀਂ ਚਾਹੁੰਦੀ ਕਿ ਉਸ ਦਾ ਪੁੱਤਰ ਚੋਰ ਬਣੇ। ਹਾਂ ਉਹ ਆਪਣੇ ਚੋਰ ਪੁੱਤਰ ਨੂੰ ਕਦੇ ਵੀ ਚੋਰ ਮੰਨਣ ਲਈ ਤਿਆਰ ਨਹੀਂ ਹੋਵੇਗੀ ਕਿਉਂਕਿ ਇੱਥੇ ਉਸ ਦੀ ਮਮਤਾ ਭਾਰੀ ਪੈ ਜਾਂਦੀ ਹੈ। ਮਾਂ ਅਤੇ ਮਮਤਾ ਦਾ ਸਿੱਧਾ ਸਬੰਧ ਹੈ।

## ਅਹਿਸਾਸ

ਨਿੱਕਾ ਹੁੰਦਾ ਮੈਂ ਦੇਖਦਾ ਸੀ ਕਿ ਮੇਰੀ ਮਾਂ ਹਮੇਸ਼ਾ ਅਜਿਹੀਆਂ ਗੱਲਾਂ ਕਰਦੀ ਤੇ ਉਸ ਦੀ ਮਮਤਾ ਸਪੱਸ਼ਟ ਝਲਕਦੀ। ਮੈਂ ਕਈ ਵਾਰੀ ਸੋਚਦਾ ਇਹ ਕਿਹੋ ਜਿਹੀਆਂ ਗੱਲਾਂ ਕਰਦੀ ਹੈ ਪਰ ਹੁਣ ਅਹਿਸਾਸ ਹੁੰਦਾ ਹੈ ਕਿ ਉਹ ਸਾਰੀ ਉਸ ਦੀ ਮਮਤਾ ਹੀ ਸੀ। ਕਦੇ ਤਾਪ ਚੜ੍ਹ ਜਾਣਾ ਤਾਂ ਸਾਰੀ-ਸਾਰੀ ਰਾਤ ਮੱਥੇ 'ਤੇ ਗਿੱਲੀਆਂ ਪੱਟੀਆਂ ਰੱਖੀ ਜਾਣੀਆਂ ਤੇ ਅੱਖਾਂ 'ਚੋਂ ਹੰਝੂ ਕੇਰੀ ਜਾਣੇ। ਮੈਂ ਸੋਚਦਾ ਤਾਪ ਹੀ ਚੜ੍ਹਿਆ ਹੈ ਮਰਨ ਥੋੜ੍ਹਾ ਲੱਗਾ ਹਾਂ ਪਰ ਇਕ ਮਾਂ ਕਿਵੇਂ ਬਰਦਾਸ਼ਤ ਕਰਦੀ ਕਿ ਉਸ ਦੇ ਪੁੱਤ ਨੂੰ ਤਾਪ ਚੜ੍ਹਿਆ ਰਹੇ। ਉਹ ਹਰ ਇਕ ਨੂੰ ਦੱਸਦੀ ਮੁੰਡੇ ਨੂੰ ਪੰਜ ਭੱਠ ਤਾਪ ਚੜ੍ਹਿਆ ਹੈ ਭੋਰਾ ਸੁਰਤ ਨਹੀਂ ਕਰਦਾ। ਇਹ ਹੁੰਦੀ ਹੈ ਮਾਂ ਦੀ ਮਮਤਾ।

## ਸਸਤੀਆਂ ਚੱਪਲਾਂ

ਮੇਰੀ ਮਾਂ ਕਈ ਵਾਰੀ ਗਲ਼ੀ ਵਿਚ ਵਿਕਣ ਆਈਆਂ ਸਸਤੀਆਂ ਚੱਪਲਾਂ ਖ਼ਰੀਦ ਲੈਂਦੀ। ਅਸੀਂ ਗੁੱਸੇ ਹੁੰਦੇ ਮਾਂ ਇਹ ਚੱਪਲਾ ਤੇਰੇ ਪਾਉਣ ਆਲੀਆਂ ਨਹੀਂ ਕਿਉਂ ਗਲ਼ੀ ਵਿਚ ਸਾਡੀ ਬੇਇੱਜ਼ਤੀ ਕਰਵਾਉਂਦੀ ਹੈ। ਮਾਂ ਚੁੱਪ ਰਹਿੰਦੀ ਤੇ ਸ਼ਾਮ ਨੂੰ ਉਹੀ ਚੱਪਲਾਂ ਕੰਮ ਵਾਲੀਆਂ ਸ਼ਿੰਦੋ, ਰਾਮਰੱਤੀ ਜਾਂ ਗੋਰਾਂ ਨੂੰ ਦੇ ਦਿੰਦੀ ਤੇ ਕਹਿੰਦੀ ਪੁੱਤ ਮੈਂ ਇਨ੍ਹਾਂ ਵਾਸਤੇ ਲਈਆਂ ਸਨ ਵਿਚਾਰੀਆਂ ਰੋਜ਼ ਨੰਗੇ ਪੈਰੀ ਕੰਮ ਕਰਦੀਆਂ ਹਨ ਤੇ ਕਈ ਵਾਰੀ ਮਾਂ ਆਪਣਾ ਪੁਰਾਣਾ ਸ਼ਾਲ, ਸਵੈਟਰ ਕੰਮ ਵਾਲੀਆਂ ਨੂੰ ਦੇ ਦਿੰਦੀ। ਤੇ ਸਾਨੂੰ ਹਮੇਸ਼ਾ ਗ਼ਰੀਬਾਂ ਦਾ ਭਲਾ ਕਰਨ ਦੀ ਨਸੀਅਤ ਦਿੰਦੀ। ਜੇ ਗਲ਼ੀ ਵਿਚ ਕੋਈ ਸਮਾਨ ਜਾਂ ਸ਼ਬਜ਼ੀ ਵੇਚਣ ਵਾਲੀ ਗ਼ਰੀਬ ਔਰਤ ਆਉਂਦੀ ਤਾਂ ਉਸ ਨੂੰ ਚਾਹ ਪਿਆਉਂਦੀ ਤੇ ਵੱਸ ਲੱਗਦਾ ਰੋਟੀ ਵੀ ਖਵਾਉਂਦੀ।

### ਮਾਂ ਨੂੰ ਡਰ ਸੀ

ਸਾਡੀ ਮੱਝ ਦਾ ਕੱਟਾ ਕਾਫ਼ੀ ਵੱਡਾ ਹੋ ਗਿਆ। ਮੱਝ ਦੂਜੀ ਵਾਰ ਵੀ ਸੂ ਪਈ ਪਰ ਮੇਰੀ ਮਾਂ ਨੇ ਕੱਟਾ ਨਾ ਵੇਚਿਆ। ਲੋਕੀ ਹੱਸਿਆ ਕਰਨ ਬਈ ਸੇਠ ਹੁਣ ਕੱਟਾ ਪਾਲਣਗੇ। ਮੇਰੀ ਮਾਂ ਨੂੰ ਡਰ ਸੀ ਕਿ ਜੇ ਉਸ ਨੇ ਕੱਟਾ ਵੇਚ ਦਿੱਤਾ ਤਾਂ ਉਹ ਕਸਾਈ ਉਸ ਨੂੰ ਵੱਢ ਦੇਣਗੇ। ਲੋਕਾਂ ਦੇ ਬਹੁਤਾ ਕਹਿਣ 'ਤੇ ਮਾਂ ਨੇ ਕੱਟਾ ਵੀਹ ਰੁਪਿਆ ਦਾ ਵੇਚ ਦਿੱਤਾ ਤੇ ਨਾਲੇ ਰੋਈ ਜਾਵੇ।

## ਮੇਰੀਆਂ ਗ਼ਲਤੀਆਂ

ਮੈਂ ਅਕਸਰ ਦੇਖਦਾ ਕਿ ਮਾਂ ਮੇਰੀਆਂ ਗ਼ਲਤੀਆਂ ਛਿਪਾਉਂਦੀ ਸੌ-ਸੌ ਝੂਠ ਬੋਲਦੀ। ਪਾਪਾ ਤੋਂ ਝਿੜਕਾਂ ਵੀ ਖਾ ਲੈਂਦੀ। ਹਰ ਵੇਲੇ ਮੈਨੂੰ ਪਾਪਾ ਦੇ ਗੁੱਸੇ ਤੋਂ ਬਚਾਉਂਦੀ ਸਾਰੇ ਇਲਜ਼ਾਮ ਆਪਣੇ ਸਿਰ ਲੈ ਲੈਂਦੀ ਹੈ ਪਰ ਮੈਨੂੰ ਤੱਤੀ ਵਾਅ ਨਾ ਲੱਗਣ ਦਿੰਦੀ। ਜਦੋਂ ਕਦੇ ਜੇਬ ਖ਼ਰਚੀ ਜਾ ਕਿਸੇ ਮੰਗ ਤੋਂ ਇਨਕਾਰੀ ਹੋ ਜਾਂਦੀ ਤਾਂ ਮਾਂ ਆਪਣੀ ਜ਼ਿੰਮੇਵਾਰੀ 'ਤੇ ਕਈ ਤਰ੍ਹਾਂ ਦੇ ਪਾਪੜ ਵੇਲ ਮੇਰੀ ਮੰਗ ਪੂਰੀ ਕਰਦੀ। ਹਮੇਸ਼ਾ ਵੱਡਿਆਂ ਦਾ ਸਤਿਕਾਰ ਕਰਨ ਤੇ ਛੋਟਿਆਂ ਨਾਲ ਪਿਆਰ ਕਰਨ ਦੀ ਨਸੀਹਤ ਦਿੰਦੀ। ਇਕ ਦਿਨ ਮੇਰੇ ਚਾਚੇ ਨੇ ਮੇਰੇ ਥੱਪੜ ਜੜ੍ਹ ਦਿੱਤਾ। ਮੇਰਾ ਕੋਈ ਕਸੂਰ ਨਹੀਂ ਸੀ। ਮੇਰੀ ਮਾਂ ਤੋਂ ਇਹ ਬਰਦਾਸ਼ਤ ਨਾ ਹੋਇਆ। ਉਸ ਨੇ ਚਾਚੇ ਨਾਲ ਖ਼ੂਬ ਲੜਾਈ ਕੀਤੀ ਤੇ ਉਸ ਨੂੰ ਉਸ ਦੀ ਗ਼ਲਤੀ ਦਾ ਅਹਿਸਾਸ ਕਰਵਾਕੇ ਦਮ ਲਿਆ। •

### ਜਨਮਦਾਤੀ

ਮਾਂ ਨੂੰ ਰੱਬ ਦਾ ਦੂਜਾ ਰੂਪ ਕਿਹਾ ਗਿਆ ਹੈ ਪਰ ਮਾਂ ਤਾਂ ਰੱਬ ਤੋਂ ਵੀ ਉੱਚੀ ਤੇ ਵੱਡੀ ਹੁੰਦੀ ਹੈ। ਰੱਬ ਨਜ਼ਰ ਨਹੀਂ ਆਉਂਦਾ ਪਰ ਮਾਂ ਜਨਮ ਤੋਂ ਹੀ ਸਾਡੇ ਨਾਲ ਹੁੰਦੀ ਹੈ ਉਹ ਸਾਡੀ ਜਨਮਦਾਤੀ ਹੁੰਦੀ ਹੈ। ਫਿਰ ਰੱਬ ਜੋ ਸਿਰਫ਼ ਇਨਸਾਨ ਦੀ ਇਕ ਕਲਪਨਾ ਹੈ। ਉਸ ਦੀ ਹੋਂਦ ਬਾਰੇ ਵੀ ਕਈ ਵਾਰ ਖ਼ਦਸ਼ਾ ਪ੍ਰਗਟਾਇਆ ਜਾਂਦਾ ਹੈ। ਹਰ ਪ੍ਰਾਣੀ ਦੀ ਇਕ ਹੀ ਜਨਮਦਾਤੀ ਮਾਂ ਹੁੰਦੀ ਹੈ। ਜਿੱਥੇ ਮਾਂ ਹੁੰਦੀ ਹੈ ਉੱਥੇ ਮਮਤਾ ਵੀ ਹੁੰਦੀ ਹੈ। ਦੁਨਿਆ ਵਿਚ ਸਭ ਤੋਂ ਮਿੱਠੀ ਤੇ ਉੱਤਮ ਵਸਤੂ ਮਾਂ ਦੀ ਮਮਤਾ ਹੈ। ਜਿਸ ਦੀ ਕਦਰ ਕਰਨਾ ਮਨੁੱਖ ਦਾ ਫ਼ਰਜ਼ ਹੈ।



73077-36899

ਕੌਮੀ ਪੱਤ੍ਰਿਕਾ

# ਆਰਜੇਡੀ ਤੇ ਕਾਂਗਰਸ ਘੁਸਪੈਠੀਆਂ ਪ੍ਰਤੀ ਨਰਮ, ਵੋਟ ਬੈਂਕ ਕਰਕੇ ਭਗਵਾਨ ਰਾਮ ਨੂੰ 'ਨਾਪਸੰਦ' ਕਰਦੇ: ਮੋਦੀ

**ਅਰਰੀਆ(ਬਿਹਾਰ), 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਬਿਹਾਰ ਵਿੱਚ ਵਿਰੋਧੀ ਆਰਜੇਡੀ-ਕਾਂਗਰਸ ਗੱਠਜੋੜ 'ਤੇ ਘੁਸਪੈਠੀਆਂ ਪ੍ਰਤੀ ਨਰਮ ਰੁਖ਼ ਰੱਖਣ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਇਹੀ ਲੋਕ ਵੋਟ ਬੈਂਕ ਦੀ ਸਿਆਸਤ ਕਾਰਨ ਭਗਵਾਨ ਰਾਮ ਅਤੇ 'ਛਠੀ ਮਈਆ' ਨੂੰ ਨਾਪਸੰਦ ਕਰਦੇ ਹਨ।

ਅਰਰੀਆ ਜ਼ਿਲ੍ਹੇ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਮੋਦੀ ਨੇ ਇਹ ਵੀ ਦੋਸ਼ ਲਗਾਇਆ ਕਿ ਵਿਰੋਧੀ ਆਗੂਆਂ ਵੱਲੋਂ ਨਿਸ਼ਾਦ ਰਾਜ, ਮਾਤਾ ਸ਼ਬਰੀ ਅਤੇ ਮਹਾਰਿਸ਼ੀ ਵਾਲਮੀਕਿ ਨੂੰ ਸਮਰਪਿਤ ਧਾਰਮਿਕ ਸਥਾਨਾਂ ਦੇ 'ਦਰਸ਼ਨ' ਕਰਨ ਲਈ ਅਯੁੱਧਿਆ ਜਾਣ ਦੀ ਝਿਜਕ ਦਲਿਤਾਂ ਅਤੇ ਪੱਛੜੇ ਵਰਗਾਂ ਪ੍ਰਤੀ ਉਨ੍ਹਾਂ ਦੀ 'ਨਫ਼ਰਤ' ਦਾ ਸੰਕੇਤ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਬਿਹਾਰ ਅੱਜ ਵਿਕਾਸ ਲਈ ਵੋਟਿੰਗ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਬਿਹਾਰ ਦੇ ਲੋਕਾਂ ਨੂੰ 'ਜੰਗਲਰਾਜ' ਤੋਂ ਮੁਕਤੀ ਪਾਉਣ ਦਾ ਜਿਹੜਾ ਫੈਸਲਾ ਕੀਤਾ ਸੀ, ਉਸ ਨੂੰ ਮੁੜ ਤੋਂ ਕਾਇਮ ਰੱਖਣ ਦਾ ਫੈਸਲਾ ਕੀਤਾ ਹੈ। ਪ੍ਰਧਾਨ ਮੰਤਰੀ ਅਰਰੀਆ ਵਿਚ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ।

ਸ੍ਰੀ ਮੋਦੀ ਨੇ ਕਿਹਾ, "ਅੱਜ ਬਿਹਾਰ ਦੇ ਹੋਰਨਾਂ ਹਿੱਸਿਆਂ ਵਿਚ ਵੋਟਿੰਗ ਹੋ ਰਹੀ ਹੈ। ਲੋਕ ਵੱਡੀ ਗਿਣਤੀ ਵਿਚ ਪੋਲਿੰਗ ਕੇਂਦਰਾਂ 'ਤੇ ਪਹੁੰਚ ਰਹੇ ਹਨ। ਨੌਜਵਾਨ ਵੀ ਵੱਡੀ ਗਿਣਤੀ ਵਿਚ ਵੋਟਾਂ ਪਾ ਰਹੇ ਹਨ।



ਇਹ ਜਨ ਸੈਲਾਬ ਦੱਸ ਰਿਹਾ ਹੈ ਕਿ ਬਿਹਾਰ ਦੀਆਂ ਅਸੈਂਬਲੀ ਚੋਣਾਂ ਦਾ ਨਤੀਜਾ ਕੀ ਰਹਿਣ ਵਾਲਾ ਹੈ।" ਉਨ੍ਹਾਂ ਕਿਹਾ, "ਇਕ ਵਾਰ ਮੁੜ ਕੌਮੀ ਜਮਹੂਰੀ ਗੱਠਜੋੜ ਦੀ ਸਰਕਾਰ...ਮੁੜ ਇਕ ਵਾਰ ਸੁਸ਼ਾਸਨ ਦੀ ਸਰਕਾਰ। ਇਹ ਮੋਦੀ ਦੀ ਗਾਰੰਟੀ ਹੈ। ਤੁਹਾਡੇ ਸੁਪਨੇ ਹੀ ਮੋਦੀ ਦਾ ਸੰਕਲਪ ਹੈ।" ਰਾਜ ਵਿਚ ਪਿਛਲੇ ਰਾਸ਼ਟਰੀ ਜਨਤਾ ਦਲ ਸ਼ਾਸਨ ਦੀ ਗੱਲ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ 'ਜੰਗਲਰਾਜ' ਦੌਰਾਨ ਬਿਹਾਰ ਦਾ ਵਿਕਾਸ ਪੂਰੀ ਤਰ੍ਹਾਂ ਠੱਪ ਸੀ।

ਉਨ੍ਹਾਂ ਕਿਹਾ, 'ਜੰਗਲਰਾਜ ਦਾ ਮਤਲਬ ਕਟੂਤਾ, ਕਰੂਰਤਾ, ਕੁਸ਼ਾਸਨ ਤੇ ਕਰੱਪਸ਼ਨ ਹੈ। ਉਸ ਦੌਰ ਵਿਚ ਬਿਹਾਰ ਦਾ ਵਿਕਾਸ ਰਿਪੋਰਟ ਕਾਰਡ ਸਿਫਰ ਸੀ। ਕਿੰਨੇ ਐਕਸਪ੍ਰੈਸਵੇਅ ਬਣੇ, ਕੋਸੀ ਨਦੀ 'ਤੇ ਕਿੰਨੇ ਪੁਲ ਬਣੇ, ਕਿੰਨੇ ਖੇਡ ਕੰਪਲੈਕਸ ਬਣੇ, ਕਿੰਨੇ ਮੈਡੀਕਲ ਕਾਲਜ ਖੁੱਲ੍ਹੇ ? ਸਾਰਿਆਂ ਦਾ ਜਵਾਬ ਹੈ ਸਿਫ਼ਰ। ਨਾ ਕੋਈ ਆਈਟੀਆਈ ਤੇ ਨਾ ਕੋਈ ਆਈਆਈਐੱਮ। ਮੋਦੀ ਨੇ ਕਿਹਾ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਬਿਹਾਰ ਨੂੰ 'ਜੰਗਲਰਾਜ' ਤੋਂ ਕੱਢ ਕੇ ਵਿਕਾਸ ਦੇ ਰਾਹ 'ਤੇ ਤੋਰਿਆ।

ਉਨ੍ਹਾਂ ਕਿਹਾ, "ਪਟਨਾ ਵਿੱਚ ਆਈਆਈਟੀ ਅਤੇ ਏਮਜ਼ ਦੀ ਸਥਾਪਨਾ ਕੀਤੀ ਗਈ, ਦਰਭੰਗਾ ਵਿੱਚ ਦੂਜਾ ਏਮਜ਼ ਬਣਾਇਆ ਜਾ ਰਿਹਾ ਹੈ, ਚਾਰ ਕੇਂਦਰੀ ਯੂਨੀਵਰਸਿਟੀਆਂ ਹਨ - ਇਹ ਸਭ ਐਨਡੀਏ ਸਰਕਾਰ ਦੌਰਾਨ, ਡਬਲ ਇੰਜਣ ਸਰਕਾਰ ਦੌਰਾਨ ਹੋਇਆ ਹੈ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਸੀਮਾਂਚਲ ਖੇਤਰ ਵਿੱਚ ਵੱਡੇ ਪੱਧਰ 'ਤੇ ਬੁਨਿਆਦੀ ਢਾਂਚਾ ਵਿਕਸਤ ਕੀਤਾ ਜਾ ਰਿਹਾ ਹੈ ਅਤੇ ÷ਸਿਰਫ਼ ਐਨਡੀਏ ਹੀ ਬਿਹਾਰ ਵਿੱਚ ਵਿਕਾਸ ਲਿਆ ਸਕਦਾ ਹੈ।

# ਬਿਹਾਰ ਵਿਖੇ ਪਹਿਲੇ ਗੇੜ ਦੌਰਾਨ 65 ਫੀਸਦ ਤੋਂ ਜ਼ਿਆਦਾ ਪੋਲਿੰਗ



**ਪਟਨਾ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਿਹਾਰ ਅਸੈਂਬਲੀ ਚੋਣਾਂ ਦੇ ਪਹਿਲੇ ਗੇੜ ਵਿਚ 121 ਸੀਟਾਂ ਲਈ ਪੋਲਿੰਗ ਸਵੇਰੇ 7 ਵਜੇ ਸ਼ੁਰੂ ਹੋਈ, ਜੋ ਸ਼ਾਮੀਂ 5 ਵਜੇ ਤੱਕ ਜਾਰੀ ਰਹੀ। ਪਹਿਲੇ ਗੇੜ ਵਿਚ ਕੁੱਲ 3.75 ਕਰੋੜ ਵੋਟਰ ਇੰਡੀਆ ਗੱਠਜੋੜ ਦੇ ਮੁੱਖ ਮੰਤਰੀ ਉਮੀਦਵਾਰ ਤੇਜਸਵੀ ਯਾਦਵ ਅਤੇ ਭਾਜਪਾ ਆਗੂ ਤੇ ਉਪ ਮੁੱਖ ਮੰਤਰੀ ਸਮਰਾਟ ਚੌਧਰੀ ਸਣੇ 1314 ਉਮੀਦਵਾਰਾਂ ਦੀ ਸਿਆਸੀ ਕਿਸਮਤ ਦਾ ਫੈਸਲਾ ਕਰਨਗੇ। ਵੋਟਿੰਗ ਲਈ ਪੋਲਿੰਗ ਬੂਥਾਂ 'ਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਪਹਿਲੇ ਗੇੜ ਲਈ ਸ਼ਾਮ 5 ਵਜੇ ਤੱਕ 65 ਫੀਸਦ ਪੋਲਿੰਗ ਦਰਜ ਕੀਤੀ ਗਈ ਹੈ। ਰਾਜਧਾਨੀ ਪਟਨਾ ਵਿਚ 48.69 ਫੀਸਦ ਨਾਲ ਹੁਣ ਤੱਕ ਸਭ ਤੋਂ ਘੱਟ ਵੋਟ ਫੀਸਦ ਦਰਜ ਕੀਤੀ ਗਈ ਹੈ। ਬੇਗੂਸਰਾਏ ਵਿੱਚ ਸਭ ਤੋਂ ਵੱਧ 59.82% ਵੋਟਿੰਗ ਹੋਈ। ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਪਟਨਾ ਦੇ ਬਖ਼ਤਿਆਰਪੁਰ ਵਿਚ ਵੋਟ ਪਾਈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੋਟਰਾਂ ਨੂੰ ਉਤਸ਼ਾਹ ਨਾਲ ਵੋਟ ਪਾਉਣ ਦੀ ਅਪੀਲ ਕੀਤੀ ਹੈ। ✓ 'ਤੇ ਆਪਣੀ ਪੋਸਟ ਵਿੱਚ, ਉਨ੍ਹਾਂ ਕਿਹਾ, ÷ਅੱਜ ਬਿਹਾਰ ਵਿੱਚ ਲੋਕਤੰਤਰ ਦੇ ਜਸ਼ਨ ਦਾ ਪਹਿਲਾ ਪੜਾਅ ਹੈ। ਮੈਂ ਸਾਰੇ ਵੋਟਰਾਂ ਨੂੰ ਵਿਧਾਨ ਸਭਾ ਚੋਣਾਂ ਦੇ ਇਸ ਪੜਾਅ ਵਿੱਚ ਉਤਸ਼ਾਹ ਨਾਲ ਵੋਟ ਪਾਉਣ ਦੀ ਅਪੀਲ ਕਰਦਾ ਹਾਂ।÷ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਵੋਟਰਾਂ ਨੂੰ 'ਲੋਕਤੰਤਰ ਦੇ ਤਿਉਹਾਰ' ਵਿੱਚ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਅਤੇ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨ ਵੋਟਰਾਂ ਨੂੰ ਵਧਾਈ ਦਿੱਤੀ।

ਉਧਰ ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਨੇ ਵੀ ਬਿਹਾਰ ਦੇ ਲੋਕਾਂ ਨੂੰ ਘਰਾਂ 'ਚੋਂ ਬਾਹਰ ਨਿਕਲ ਕੇ ਵੱਡੀ ਗਿਣਤੀ ਵਿਚ ਵੋਟਾਂ ਪਾਉਣ ਦੀ ਅਪੀਲ ਕੀਤੀ ਹੈ। ਪ੍ਰਿਯੰਕਾ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਪਿਆਰੇ ਭਰਾਵੋ, ਭੈਣੋ, ਮਾਵਾਂ ਅਤੇ ਬਿਹਾਰ ਦੇ ਨੌਜਵਾਨੋ! ਅੱਜ ਆਪਣੇ ਭਵਿੱਖ ਦਾ ਫੈਸਲਾ ਆਪਣੇ ਹੱਥਾਂ ਨਾਲ ਕਰਨ ਦਾ ਦਿਨ ਹੈ। ਵੱਡੀ ਗਿਣਤੀ ਵਿੱਚ ਬਾਹਰ ਆਓ ਅਤੇ ਲੋਕਤੰਤਰ ਦੇ ਇਸ ਮਹਾਨ ਤਿਉਹਾਰ ਵਿੱਚ ਹਿੱਸਾ ਲਓ। ਨੌਕਰੀਆਂ, ਸਿੱਖਿਆ, ਸਿਹਤ ਅਤੇ ਬਿਹਾਰ ਦੇ ਉੱਜਵਲ ਭਵਿੱਖ ਲਈ ਵੋਟ ਪਾਓ, ਅਤੇ ਆਪਣੇ ਲੋਕਤੰਤਰ, ਸੰਵਿਧਾਨ ਅਤੇ ਵੋਟ ਪਾਉਣ ਦੇ ਆਪਣੇ ਅਧਿਕਾਰ ਦੀ ਰੱਖਿਆ ਕਰੋ।

ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਵੀ ਬਿਹਾਰ ਦੇ ਵੋਟਰਾਂ ਨੂੰ ਵੱਡੀ ਗਿਣਤੀ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਹ ਮੌਕਾਪ੍ਰਸਤ ਸ਼ਾਸਕਾਂ ਨੂੰ ਸਬਕ ਸਿਖਾਉਣ ਦਾ ਸੁਨਹਿਰੀ ਮੌਕਾ ਹੈ ਜਿਨ੍ਹਾਂ ਨੇ ਲੋਕਾਂ ਨਾਲ ਵਿਸ਼ਵਾਸਘਾਤ ਕੀਤਾ ਹੈ।

ਤੇਜਸਵੀ ਯਾਦਵ ਦਾ ਟੀਚਾ ਰਾਘੋਪੁਰ ਵਿੱਚ ਹੈਟ੍ਰਿਕ ਲਗਾਉਣਾ ਹੈ। ਉਨ੍ਹਾਂ ਨੂੰ ਇਸ ਸੀਟ ਤੋਂ ਮੁੱਖ ਚੁਣੌਤੀ ਭਾਜਪਾ ਦੇ ਸਤੀਸ਼ ਕੁਮਾਰ ਤੋਂ ਮਿਲੇਗੀ ਜਿਨ੍ਹਾਂ 2010 ਵਿੱਚ ਜਨਤਾ ਦਲ (ਯੂ) ਦੀ ਟਿਕਟ 'ਤੇ ਯਾਦਵ ਦੀ ਮਾਂ ਤੇ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਨੂੰ ਹਰਾਇਆ ਸੀ। ਇਸ ਸੀਟ 'ਤੇ ਸਖ਼ਤ ਮੁਕਾਬਲਾ ਦੇਖਣ ਨੂੰ ਮਿਲੇਗਾ ਕਿਉਂਕਿ ਜਨ ਸੁਰਾਜ ਪਾਰਟੀ ਦੇ ਸੰਸਥਾਪਕ ਪ੍ਰਸ਼ਾਂਤ ਕਿਸ਼ੋਰ ਨੇ ਐਲਾਨ ਕੀਤਾ ਕਿ ਉਹ ਯਾਦਵ ਦਾ ਉਨ੍ਹਾਂ ਦੇ ਘਰੇਲੂ ਮੈਦਾਨ 'ਤੇ ਮੁਕਾਬਲਾ ਕਰਨਾ ਚਾਹੁੰਦੇ ਹਨ। ਹਾਲਾਂਕਿ, ਕਿਸ਼ੋਰ ਨੇ ਚੋਣ ਨਾ ਲੜਨ ਦਾ ਫੈਸਲਾ ਕੀਤਾ, ਅਤੇ ਉਨ੍ਹਾਂ ਦੀ ਪਾਰਟੀ ਨੇ ਇਥੋਂ ਚੰਚਲ ਸਿੰਘ ਨੂੰ ਟਿਕਟ ਦਿੱਤੀ ਹੈ।

ਨਾਲ ਲੱਗਦੇ ਮਹੂਆ ਵਿੱਚ ਯਾਦਵ ਦੇ ਵੱਡੇ ਭਰਾ ਤੇਜ ਪ੍ਰਤਾਪ ਯਾਦਵ, ਜਿਸ ਨੇ ਆਪਣੀ ਵੱਖਰੀ ਪਾਰਟੀ 'ਜਨਸ਼ਕਤੀ ਜਨਤਾ ਦਲ' ਬਣਾਈ ਹੈ, ਇੱਕ ਬਹੁ-ਕੋਣੀ ਮੁਕਾਬਲੇ ਵਿੱਚ ਫਸਿਆ ਹੋਇਆ ਹੈ। ਆਰਜੇਡੀ ਪ੍ਰਧਾਨ ਲਾਲੂ ਪ੍ਰਸਾਦ ਦਾ ਵੱਡਾ ਪੁੱਤਰ ਆਰਜੇਡੀ ਦੇ ਮੌਜੂਦਾ ਵਿਧਾਇਕ ਮੁਕੇਸ਼ ਰੌਸ਼ਨ ਤੋਂ ਸੀਟ ਖੋਹਣ ਦੀ ਕੋਸ਼ਿਸ਼ ਕਰ ਰਿਹਾ ਹੈ।

# ਟਰੰਪ ਨੇ ਭਾਰਤ-ਪਾਕਿ ਜੰਗ ਰੋਕਣ ਦਾ ਰਾਗ ਮੁੜ ਅਲਾਪਿਆ

## ਮਈ ਵਿਚ ਹੋਏ ਟਕਰਾਅ ਦੌਰਾਨ ਸੱਤ ਜਹਾਜ਼ ਡਿੱਗਣ ਤੇ ਅੱਠਵਾਂ ਬੁਰੀ ਤਰ੍ਹਾਂ ਨੁਕਸਾਨੇ ਜਾਣ ਦਾ ਕੀਤਾ ਦਾਅਵਾ

**ਨਿਊਯਾਰਕ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਇਸ ਦਾਅਵੇ ਨੂੰ ਮੁੜ ਦੁਹਰਾਇਆ ਹੈ ਕਿ ਭਾਰਤ ਤੇ ਪਾਕਿਸਤਾਨ ਵਿਚ ਮਈ ਵਿਚ 'ਅਮਨ ਸ਼ਾਂਤੀ' ਉਦੋਂ ਸਥਾਪਤ ਹੋਈ ਜਦੋਂ ਉਨ੍ਹਾਂ ਦੋਵਾਂ ਪ੍ਰਮਾਣੂ ਹਥਿਆਰਾਂ ਨਾਲ ਲੈਸ ਮੁਲਕਾਂ ਨੂੰ ਧਮਕੀ ਦਿੱਤੀ ਕਿ ਜੇਕਰ ਉਹ ਆਪਣੇ ਫੌਜੀ ਟਕਰਾਅ ਨੂੰ ਜਾਰੀ ਰੱਖਦੇ ਹਨ ਤਾਂ ਉਹ (ਟਰੰਪ) ਉਨ੍ਹਾਂ ਨਾਲ ਵਪਾਰ ਸਮਝੌਤਾ ਰੱਦ ਕਰ ਦੇਣਗੇ। ਟਰੰਪ ਨੇ ਭਾਰਤ ਤੇ ਪਾਕਿਸਤਾਨ ਦਰਮਿਆਨ ਫੌਜੀ ਟਕਰਾਅ ਰੁਕਣ ਮਗਰੋਂ ਕਈ ਵਾਰ ਆਪਣਾ ਇਹ ਦਾਅਵਾ ਦੁਹਰਾਇਆ ਹੈ।

ਟਰੰਪ ਨੇ ਬੁੱਧਵਾਰ ਨੂੰ ਮਿਆਮੀ ਵਿਚ 'ਅਮਰੀਕਾ ਬਿਜ਼ਨਸ ਫੋਰਮ' ਵਿਚ ਆਪਣੇ ਸੰਬੋਧਨ ਵਿਚ ਕਿਹਾ, "ਅੱਠ ਮਹੀਨਿਆਂ ਵਿਚ ਮੈਂ ਕੋਸੋਵੋ ਤੇ



ਸਰਬੀਆ ਅਤੇ ਕਾਂਗੋ ਤੇ ਰਵਾਂਡਾ ਸਣੇ ਅੱਠ ਜੰਗਾਂ ਨੂੰ ਰੋਕਿਆ ਹੈ, ਜੋ ਲੰਮੇ ਸਮੇਂ ਤੋਂ ਜਾਰੀ ਸਨ...ਪਾਕਿਸਤਾਨ ਤੇ ਭਾਰਤ ਵਿਚਾਲੇ ਵੀ।" ਉਨ੍ਹਾਂ ਕਿਹਾ, "ਤੁਸੀਂ ਜਾਣਦੇ ਹੋ, ਮੈਂ ਉਨ੍ਹਾਂ ਦੋਵਾਂ (ਭਾਰਤ ਅਤੇ ਪਾਕਿਸਤਾਨ) ਨਾਲ ਇੱਕ ਵਪਾਰ ਸਮਝੌਤੇ 'ਤੇ ਗੱਲਬਾਤ ਕਰ ਰਿਹਾ ਸੀ ਅਤੇ ਫਿਰ ਮੈਂ ਇੱਕ ਅਖਬਾਰ ਦੇ ਪਹਿਲੇ ਪੰਨੇ 'ਤੇ ਪੜ੍ਹਿਆ... ਮੈਂ ਸੁਣਿਆ ਕਿ ਉਹ ਯੁੱਧ ਕਰਨ ਜਾ ਰਹੇ ਹਨ। ਸੱਤ ਜਹਾਜ਼ਾਂ ਨੂੰ ਮਾਰ ਸੁੱਟਿਆ ਗਿਆ ਅਤੇ ਅੱਠਵਾਂ ਜਹਾਜ਼ ਬੁਰੀ ਤਰ੍ਹਾਂ ਨੁਕਸਾਨਿਆ ਗਿਆ... ਕੁੱਲ ਅੱਠ ਜਹਾਜ਼।"

ਅਮਰੀਕੀ ਸਦਰ ਨੇ ਕਿਹਾ, " ਮੈਂ ਕਿਹਾ, ਇਹ ਯੁੱਧ ਹੈ ਅਤੇ ਉਹ ਇਸ ਵਿੱਚ ਅੱਗੇ ਵਧ ਰਹੇ ਹਨ। ਉਹ ਦੋ ਪ੍ਰਮਾਣੂ ਹਥਿਆਰਬੰਦ ਦੇਸ਼ ਹਨ। ਮੈਂ ਕਿਹਾ, ਮੈਂ ਤੁਹਾਡੇ ਨਾਲ ਕੋਈ ਵਪਾਰਕ ਸਮਝੌਤਾ ਨਹੀਂ ਕਰਾਂਗਾ ਜਦੋਂ ਤੱਕ ਤੁਸੀਂ ਸ਼ਾਂਤੀ ਲਈ ਸਹਿਮਤ ਨਹੀਂ ਹੋ ਜਾਂਦੇ।" ਟਰੰਪ ਨੇ ਤਾੜੀਆਂ ਦੀ ਗੂੰਜ ਵਿਚ ਕਿਹਾ, "ਇੱਕ ਦਿਨ ਬਾਅਦ ਮੈਨੂੰ ਇੱਕ ਫੋਨ ਆਇਆ ਜਿਸ ਵਿੱਚ ਕਿਹਾ ਗਿਆ ਸੀ, 'ਅਸੀਂ ਸ਼ਾਂਤੀ ਬਣਾ ਲਈ ਹੈ।' ਉਹ ਰੁਕ ਗਏ।

ਮੈਂ ਕਿਹਾ, 'ਧੰਨਵਾਦ। ਆਓ ਵਪਾਰ ਕਰੀਏ।' ਕੀ ਇਹ ਬਹੁਤ ਵਧੀਆ ਨਹੀਂ ਹੈ? ਟੈਰਿਫਾਂ ਨਾਲ ਇਹ ਸੰਭਵ ਬਣਾਇਆ... ਟੈਰਿਫਾਂ ਤੋਂ ਬਿਨਾਂ, ਇਹ ਕਦੇ ਵੀ ਸੰਭਵ ਨਾ ਹੁੰਦਾ।"

# ਸਾਬਕਾ ਡੀਆਈਜੀ ਹਰਚਰਨ ਭੁੱਲਰ ਨੂੰ ਮੁੜ ਪੰਜ ਦਿਨਾ ਰਿਮਾਂਡ 'ਤੇ ਭੇਜਿਆ; ਕ੍ਰਿਸ਼ਨੂੰ ਨੂੰ 14 ਦਿਨਾਂ ਲਈ ਨਿਆਂਇਕ ਰਿਮਾਂਡ 'ਤੇ ਭੇਜਿਆ

**ਚੰਡੀਗੜ੍ਹ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਬੀਆਈ ਵੱਲੋਂ ਪੰਜਾਬ ਪੁਲੀਸ ਦੇ ਸਾਬਕਾ ਡੀਆਈਜੀ ਹਰਚਰਨ ਸਿੰਘ ਭੁੱਲਰ ਨੂੰ 5 ਦਿਨਾਂ ਦੇ ਰਿਮਾਂਡ ਤੋਂ ਬਾਅਦ ਅਤੇ ਦਲਾਲ ਕ੍ਰਿਸ਼ਨੂੰ ਨੂੰ ਚੰਡੀਗੜ੍ਹ ਸਥਿਤ ਸੀਬੀਆਈ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਸਾਬਕਾ ਡੀਆਈਜੀ ਹਰਚਰਨ ਸਿੰਘ ਭੁੱਲਰ ਨੂੰ 5 ਦਿਨਾਂ ਦੇ ਰਿਮਾਂਡ ਤੇ ਕ੍ਰਿਸ਼ਨੂੰ ਨੂੰ 14 ਦਿਨਾਂ ਲਈ ਨਿਆਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਇਸ ਤੋਂ ਪਹਿਲਾਂ ਸੀਬੀਆਈ ਵੱਲੋਂ ਸਾਬਕਾ ਡੀਆਈਜੀ ਹਰਚਰਨ ਸਿੰਘ ਭੁੱਲਰ ਨੂੰ 1 ਨਵੰਬਰ ਨੂੰ ਅਦਾਲਤ ਵਿੱਚ ਪੇਸ਼ ਕਰਕੇ 5 ਦਿਨਾਂ ਦਾ ਰਿਮਾਂਡ ਹਾਸਲ ਕੀਤਾ ਸੀ।



ਜ਼ਿਕਰਯੋਗ ਹੈ ਕਿ ਸੀ ਬੀ ਆਈ ਨੇ 16 ਅਕਤੂਬਰ ਨੂੰ ਕ੍ਰਿਸ਼ਨੂੰ ਸ਼ਾਰਦਾ ਨੂੰ ਇੱਕ ਸਕਰੈਪ ਡੀਲਰ ਤੋਂ 5 ਲੱਖ ਰੁਪਏ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕੀਤਾ ਸੀ। ਉਹ ਇਹ ਰਕਮ ਉਸ ਵੇਲੇ ਦੇ ਰੋਪੜ ਰੇਂਜ ਦੇ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਦੇ ਨਾਂ 'ਤੇ ਲੈ ਰਿਹਾ ਸੀ। ਇਸ ਤੋਂ ਬਾਅਦ ਸੀ ਬੀ ਆਈ ਨੇ ਭੁੱਲਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਸੀ। ਭੁੱਲਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਸ ਦੀ ਚੰਡੀਗੜ੍ਹ ਦੇ ਸੈਕਟਰ-40 ਸਥਿਤ ਰਿਹਾਇਸ਼ 'ਤੇ ਮਾਰੇ ਗਏ ਛਾਪੇ ਦੌਰਾਨ ਸੀ ਬੀ ਆਈ ਨੇ 7.5 ਕਰੋੜ ਰੁਪਏ ਦੀ ਨਕਦੀ ਅਤੇ 2.5 ਕਿਲੋਗ੍ਰਾਮ ਸੋਨੇ ਦੇ ਗਹਿਣੇ ਜ਼ਬਤ ਕੀਤੇ ਸਨ। ਇਸ ਤੋਂ ਇਲਾਵਾ ਤਲਾਸ਼ੀ ਦੌਰਾਨ ਰੋਲੈਕਸ ਸਮੇਤ 26 ਲਗਜ਼ਰੀ ਘੜੀਆਂ, ਪਰਿਵਾਰਕ ਮੈਂਬਰਾਂ ਅਤੇ ਸ਼ੱਕੀ ਬੇਨਾਮੀ ਸੰਸਥਾਵਾਂ ਦੇ ਨਾਂ 'ਤੇ 50 ਤੋਂ ਵੱਧ ਅਚੱਲ ਜਾਇਦਾਦਾਂ ਦੇ ਦਸਤਾਵੇਜ਼, ਲਾਕਰ ਦੀਆਂ ਚਾਬੀਆਂ, ਕਈ ਬੈਂਕ ਖਾਤਿਆਂ ਦੇ ਵੇਰਵੇ ਅਤੇ 100 ਕਾਰਤੂਸਾਂ ਨਾਲ ਚਾਰ ਹਥਿਆਰ ਵੀ ਜ਼ਬਤ ਕੀਤੇ ਗਏ ਸਨ। ਸੀ ਬੀ ਆਈ ਨੇ ਪਿਛਲੇ ਦਿਨੀਂ ਹਰਚਰਨ ਸਿੰਘ ਭੁੱਲਰ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦਾ ਇੱਕ ਨਵਾਂ ਕੇਸ ਵੀ ਦਰਜ ਕੀਤਾ ਸੀ।

# ਭਾਰਤ ਨੇ ਆਸਟਰੇਲੀਆ ਨੂੰ 48 ਦੌੜਾਂ ਨਾਲ ਹਰਾਇਆ



**ਗੋਲਡ ਕੋਸਟ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੇਜ਼ਬਾਨ ਆਸਟਰੇਲੀਆ ਨੇ ਚੌਥੇ ਟੀ20 ਕੌਮਾਂਤਰੀ ਮੈਚ ਵਿਚ ਟਾਸ ਜਿੱਤ ਕੇ ਭਾਰਤ ਨੂੰ ਪਹਿਲਾਂ ਬੱਲੇਬਾਜ਼ੀ ਕਰਨ ਦਾ ਸੱਦਾ ਦਿੱਤਾ ਹੈ। ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਿਤ ਵੀਹ ਓਵਰਾਂ ਵਿਚ ਅੱਠ ਵਿਕਟਾਂ ਦੇ ਨੁਕਸਾਨ ਨਾਲ 167 ਦੌੜਾਂ ਬਣਾਈਆਂ ਪਰ ਆਸਟਰੇਲੀਆ 119 ਦੌੜਾਂ ਹੀ ਬਣਾ ਸਕੀ। ਇਸ ਤਰ੍ਹਾਂ ਭਾਰਤ ਨੇ ਆਸਟਰੇਲੀਆ ਨੂੰ 48 ਦੌੜਾਂ ਨਾਲ ਹਰਾ ਦਿੱਤਾ ਹੈ।

ਆਸਟਰੇਲੀਆ ਨੂੰ ਪੂਰੀ ਟੀਮ 18.2 ਓਵਰਾਂ ਵਿਚ 119 ਦੌੜਾਂ 'ਤੇ ਹੀ ਆਲ ਆਊਟ ਹੋ ਗਈ। ਭਾਰਤ ਵਲੋਂ ਵਾਸ਼ਿੰਗਟਨ ਸੁੰਦਰ ਨੇ ਤਿੰਨ ਵਿਕਟਾਂ ਹਾਸਲ ਕੀਤੀਆਂ ਜਦਕਿ ਅਕਸ਼ਰ ਪਟੇਲ ਤੇ ਸ਼ਿਵਮ ਦੂਬੇ ਨੇ 2-2 ਵਿਕਟਾਂ ਹਾਸਲ ਕੀਤੀਆਂ।

ਪੰਜ ਮੈਚਾਂ ਦੀ ਟੀ20 ਲੜੀ ਵਿਚ ਦੋਵੇਂ ਟੀਮਾਂ 1-1 ਨਾਲ ਬਰਾਬਰ ਸਨ ਪਰ ਭਾਰਤ ਹੁਣ ਸੀਰੀਜ਼ ਵਿਚ 2-1 ਨਾਲ ਅੱਗੇ ਹੋ ਗਿਆ ਹੈ। ਜਦੋਂਕਿ ਪਰਥ ਵਿਚ ਖੇਡਿਆ ਪਹਿਲਾ ਮੈਚ ਮੀਂਹ ਦੀ ਭੇਟ ਚੜ੍ਹਨ ਕਰਕੇ ਬੇਨਤੀਜਾ ਰਿਹਾ ਸੀ। ਭਾਰਤ ਨੇ ਕੈਨਬਰਾ ਵਿਚ ਖੇਡੇ ਤੀਜੇ ਮੈਚ ਆਸਟਰੇਲੀਆ ਨੂੰ ਪੰਜ ਵਿਕਟਾਂ ਨਾਲ ਹਰਾਇਆ ਸੀ।

# ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਤਿਆਰੀਆਂ ਦਾ ਜਾਇਜ਼ਾ: ਹਰਮੀਤ ਸਿੰਘ ਕਾਲਕਾ




**ਨਵੀਂ ਦਿੱਲੀ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਅੱਜ ਇੱਥੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਉੱਚ ਅਧਿਕਾਰੀਆਂ ਨਾਲ ਇਕ ਅਹਿਮ ਮੀਟਿੰਗ ਹੋਈ ਜਿਸ ਵਿੱਚ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਆਉਣ ਵਾਲੇ ਵਿਸ਼ਾਲ ਨਗਰ ਕੀਰਤਨਾਂ ਅਤੇ ਸਮਾਰੋਹਾਂ ਦੀਆਂ ਤਿਆਰੀਆਂ 'ਤੇ ਵਿਸਤਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਸ. ਕਾਲਕਾ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾ ਅਤੇ ਸ਼ਾਨ ਦੇ ਨਾਲ ਇਹ ਪਵਿੱਤਰ ਅਵਸਰ ਮਨਾਉਣ ਲਈ ਸਰਵੋਤਮ ਪ੍ਰਬੰਧ ਕੀਤੇ ਜਾ ਰਹੇ ਹਨ, ਤਾਂ ਜੋ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਸ਼ਹਾਦਤ ਅਤੇ ਅਮਰ ਵਿਰਾਸਤ ਨੂੰ ਸਨਮਾਨ ਮਿਲ ਸਕੇ।

ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਤੇਗ ਬਹਾਦਰ ਸਾਹਿਬ ਸਾਹਿਬ ਜੀ ਦੇ ਬੇਮਿਸਾਲ ਬਲਿਦਾਨ ਦੀ ਯਾਦ ਨੂੰ ਵਿਸ਼ਾਲ ਪੱਧਰ 'ਤੇ ਵੱਖ-ਵੱਖ ਸਮਾਰੋਹ, ਧਾਰਮਿਕ ਸਮਾਗਮ ਅਤੇ ਨਗਰ ਕੀਰਤਨ ਆਯੋਜਿਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਸ਼ਤਾਬਦੀ ਕੇਵਲ ਇੱਕ ਸਮਾਰੋਹ ਨਹੀਂ, ਸਗੋਂ ਪੂਰੇ ਸਿੱਖ ਪੰਥ ਅਤੇ ਮਨੁੱਖਤਾ ਲਈ ਪ੍ਰੇਰਣਾ ਦਾ ਸਰੋਤ ਹੋਵੇਗਾ।

ਸ. ਕਾਲਕਾ ਨੇ ਵਿਸ਼ਵਾਸ ਪ੍ਰਗਟਾਇਆ ਕਿ ਸੰਗਤਾਂ ਦੇ ਸਹਿਯੋਗ ਨਾਲ ਇਹ ਸ਼ਤਾਬਦੀ ਸਮਾਰੋਹ ਇਤਿਹਾਸਕ ਪੱਧਰ 'ਤੇ ਮਨਾਏ ਜਾਣਗੇ, ਜਿੱਥੇ ਸ਼ਰਧਾ, ਸੇਵਾ ਅਤੇ ਸਾਂਝ ਦੀ ਆਤਮਕ ਭਾਵਨਾ ਸਦਾ ਵਾਂਗ ਚੜ੍ਹਦੀ ਕਲਾ ਵਿਚ ਰਹੇਗੀ।

# ਪਾਤੜਾਂ ਵਿਖੇ ਆਤਮ ਨਿਰਭਰ ਭਾਰਤ ਅਭਿਆਨ ਤਹਿਤ ਭਾਜਪਾ ਵਿਧਾਨ ਸਭਾ ਸੰਮੇਲਨ ਆਯੋਜਿਤ

**ਪਾਤੜਾਂ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਰਟੀ ਹਾਈਕਮਾਨ ਦੇ ਹੁਕਮ ਅਨੁਸਾਰ ਆਤਮ ਨਿਰਭਰ ਭਾਰਤ ਅਭਿਆਨ ਦੇ ਤਹਿਤ ਅਗਰਵਾਲ ਧਰਮਸ਼ਾਲਾ, ਪਾਤੜਾਂ ਵਿਖੇ ਵਿਧਾਨ ਸਭਾ ਸੰਮੇਲਨ ਦਾ ਆਯੋਜਨ ਕੀਤਾ ਗਿਆ।

ਇਸ ਸੰਮੇਲਨ ਦੀ ਅਗਵਾਈ ਭਾਰਤੀ ਜਨਤਾ ਪਾਰਟੀ ਪੰਜਾਬ ਪ੍ਰਦੇਸ਼ ਦੇ ਸੂਬਾ ਮੀਤ ਪ੍ਰਧਾਨ ਜਤਿੰਦਰ ਮਿੱਤਲ ਅਤੇ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ ਡਕਾਲਾ ਨੇ ਕੀਤੀ।

ਇਸ ਮੌਕੇ ਪਾਰਟੀ ਹਾਈਕਮਾਨ ਵੱਲੋਂ ਭੇਜੇ ਗਏ ਸੰਕਲਪ ਪੱਤਰ ਪਾਰਟੀ ਮੈਂਬਰਾਂ ਵਿਚ ਵੰਡੇ ਗਏ ਅਤੇ ਸਭ ਨੇ ਮਿਲ ਕੇ ਸਵਦੇਸ਼ੀ ਵਸਤੂਆਂ ਅਪਨਾਉਣ ਅਤੇ ਆਤਮ ਨਿਰਭਰ ਭਾਰਤ ਅਭਿਆਨ ਨੂੰ ਘਰ-ਘਰ ਤੱਕ ਪਹੁੰਚਾਉਣ ਦਾ ਸੰਕਲਪ ਲਿਆ।



ਸੰਮੇਲਨ ਦੌਰਾਨ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ, ਸਤੀਸ਼ ਗਰਗ, ਲਾਲ ਚੰਦ ਲਾਲੀ, ਬਾਬੂ ਤਰਸੇਮ ਚੰਦ ਬਾਂਸਲ, ਰਮੇਸ਼ ਕੁਮਾਰ ਕੂੱਕੂ, ਮੁਖਤਿਆਰ ਸਿੰਘ ਮੋਖਾ, ਬਗੀਚਾ ਸਿੰਘ ਦੁਤਾਲ, ਨਿਰੰਕਾਰ ਸਿੰਘ, ਜਗਦੇਵ ਸਿੰਘ ਬੱਗਾ, ਪ੍ਰੇਮ ਚੰਦ ਕਾਂਸਲ, ਰੂੜ ਸਿੰਘ, ਰਮੇਸ਼ ਬੱਤਰਾ, ਵਿਜੈ ਗਰਗ, ਸਨੀ ਗਰਗ (ਡੋਲੂ), ਗਿਆਨ ਸਿੰਘ ਧਾਲੀਵਾਲ , ਸ਼੍ਰੀ ਪ੍ਰਸ਼ੋਤਮ ਸਿੰਗਲਾ, ਨਰਿੰਦਰ ਬੋਕਸਰ, ਪਵਨ ਪਾਤੜਾਂ, ਸੇਵਾ ਸਿੰਘ , ਜਗਰਾਜ ਸਿੰਘ, ਮੰਨਾ ਰਾਮ, ਰਾਜ ਕੁਮਾਰ, ਹਰਬੰਸ ਲਾਲ, ਠਾਕਰ ਸਿੰਘ , ਸ਼੍ਰੀਮਤੀ ਕਿਰਨਾ ਰਾਣੀ , ਸ਼੍ਰੀਮਤੀ ਮਮਤਾ ਬੇਗਮ , ਸ਼੍ਰੀਮਤੀ ਸੁਨੀਤਾ ਰਾਣੀ, ਜਸਕਰਨ ਸਿੰਘ, ਸਤਪਾਲ ਸਿੰਘ, ਮਦਨ (J.E.), ਸਤਨਾਮ ਸਿੰਘ, ਅਮਰੀਕ ਸਿੰਘ, ਜਾਨਪਾਲ ਸਿੰਘ, ਹਰਬੰਸ ਲਾਲ, ਸਤਪਾਲ ਸ਼ਰਮਾ, ਸੁਬੇਗ ਸਿੰਘ, ਬੇਅੰਤ ਸਿੰਘ, ਸ਼੍ਰੀ ਸੁਸ਼ੀਲ ਸਿੰਘ ਅਤੇ ਹਲਕਾ ਸ਼ੁਤਰਾਣਾ ਦੀ ਸਮੁੱਚੀ ਭਾਜਪਾ ਟੀਮ ਵੱਡੀ ਗਿਣਤੀ ਵਿੱਚ ਮੌਜੂਦ ਰਹੀ। ਸੰਮੇਲਨ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਆਦਰਸ਼ਾਂ ਤੇ ਆਧਾਰਿਤ ਵਿਕਾਸਕਾਰੀ ਨੀਤੀਆਂ ਉੱਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਪਾਰਟੀ ਕਾਰਕੁਨਾਂ ਨੇ ਆਗਾਮੀ ਸਮੇਂ ਵਿਚ ਪਾਰਟੀ ਦੇ ਹਿੱਤ ਲਈ ਹੋਰ ਵਧੇਰੇ ਜੋਸ਼ ਨਾਲ ਕੰਮ ਕਰਨ ਦਾ ਸੰਕਲਪ ਲਿਆ

# ਕੋਟਕ ਮਿਊਚੁਅਲ ਫੰਡ ਨੇ ਪੇਂਡੂ ਭਾਰਤ ਦੀ ਵਿਕਾਸ ਸੰਭਾਵਨਾ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਕੋਟਕ ਰੂਰਲ ਅਪਰਚਿਊਨਿਟੀਜ਼ ਫੰਡ ਲਾਂਚ ਕੀਤਾ

**ਲੁਧਿਆਣਾ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੋਟਕ ਮਹਿੰਦਰਾ ਐਸੇਟ ਮੈਨੇਜਮੈਂਟ ਕੰਪਨੀ (ਕੇਐਮਏਐਮਸੀ) ਨੇ ਕੋਟਕ ਰੂਰਲ ਅਪਰਚਿਊਨਿਟੀਜ਼ ਫੰਡ ਦੀ ਸ਼ੁਰੂਆਤ ਦਾ ਐਲਾਨ ਕੀਤਾ, ਜੋ ਕਿ ਪੇਂਡੂ ਅਤੇ ਸਹਾਇਕ ਖੇਤਰਾਂ ਵਿੱਚ ਨਿਵੇਸ਼ ਕਰਨ 'ਤੇ ਕੇਂਦ੍ਰਿਤ ਇੱਕ ਓਪਨ-ਐਂਡ ਇਕੁਇਟੀ ਸਕੀਮ ਹੈ। ਇਹ ਸਕੀਮ 6 ਨਵੰਬਰ, 2025 ਤੋਂ 20 ਨਵੰਬਰ, 2025 ਤੱਕ ਨਿਵੇਸ਼ਕਾਂ ਲਈ ਖੁੱਲ੍ਹੀ ਰਹੇਗੀ। ਇਸ ਮੌਕੇ 'ਤੇ ਬੋਲਦੇ ਹੋਏ, ਕੋਟਕ ਮਹਿੰਦਰਾ ਐਸੇਟ ਮੈਨੇਜਮੈਂਟ ਕੰਪਨੀ ਲਿਮਟਿਡ (ਕੇਐਮਏਐਮਸੀ) ਦੇ ਮੈਨੇਜਿੰਗ ਡਾਇਰੈਕਟਰ ਨੀਲੇਸ਼ ਸ਼ਾਹ ਨੇ ਕਿਹਾ, ÷ਪੇਂਡੂ ਭਾਰਤ ਹੁਣ ਖੇਤੀਬਾੜੀ ਤੱਕ ਸੀਮਤ ਨਹੀਂ ਹੈ; ਇਹ ਭਾਰਤ ਦੇ ਵਿਕਾਸ ਦੀ ਨਵੀਂ ਸਰਹੱਦ ਬਣ ਗਿਆ ਹੈ। ਵਿੱਤੀ ਸਮਾਵੇਸ਼ ਤੋਂ ਲੈ ਕੇ ਡਿਜੀਟਲ ਕਨੈਕਟੀਵਿਟੀ ਅਤੇ ਸਥਾਨਕ ਨਿਰਮਾਣ ਤੱਕ, ਪੇਂਡੂ ਭਾਰਤ ਇੱਕ ਵੱਡਾ ਬਦਲਾਅ ਦੇਖ ਰਿਹਾ ਹੈ। ਇਹ ਬਦਲਾਅ ਮੌਕਿਆਂ, ਨਵੀਆਂ ਉਮੀਦਾਂ ਅਤੇ ਸਰਕਾਰੀ ਨੀਤੀਆਂ ਦੁਆਰਾ ਚਲਾਇਆ ਜਾ ਰਿਹਾ ਹੈ। ਪੇਂਡੂ ਖੇਤਰਾਂ ਵਿੱਚ ਵਧਦੀ ਆਮਦਨ ਅਤੇ ਖਪਤ ਹੁਣ ਭਾਰਤ ਦੀ ਵੱਡੀ ਆਰਥਿਕ ਕਹਾਣੀ ਦਾ ਇੱਕ ਮੁੱਖ ਹਿੱਸਾ ਹੈ। ਕੋਟਕ ਰੂਰਲ ਅਪਰਚਿਊਨਿਟੀਜ਼ ਫੰਡ ਦਾ ਉਦੇਸ਼ ਨਿਵੇਸ਼ਕਾਂ ਨੂੰ ਇਸ ਬਦਲਾਅ ਵਿੱਚ ਹਿੱਸਾ ਲੈਣ ਵਿੱਚ ਮਦਦ ਕਰਨਾ ਹੈ, ਜੋ ਕਿ ਭਾਰਤ ਦੀ ਸਮਾਵੇਸ਼ੀ ਅਤੇ ਸੰਤੁਲਿਤ ਆਰਥਿਕ ਵਿਕਾਸ ਵੱਲ ਯਾਤਰਾ ਦੇ ਨਾਲ ਮੇਲ ਖਾਂਦਾ ਹੈ। ਪੇਂਡੂ ਭਾਰਤ ਤੇਜ਼ੀ ਨਾਲ ਬਦਲ ਰਿਹਾ ਹੈ, ਲਗਭਗ 40% ਪੇਂਡੂ ਲੋਕ ਹੁਣ ਖੇਤੀਬਾੜੀ ਤੋਂ ਇਲਾਵਾ ਹੋਰ ਕਿੱਤਿਆਂ ਵਿੱਚ ਲੱਗੇ ਹੋਏ ਹਨ। 2018 ਤੋਂ, ਪੇਂਡੂ ਔਰਤਾਂ ਦੀ ਨੌਕਰੀ ਵਿੱਚ ਭਾਗੀਦਾਰੀ ਲਗਭਗ ਦੁੱਗਣੀ ਹੋ ਗਈ ਹੈ, ਜਿਸ ਕਾਰਨ ਦੋਹਰੀ ਆਮਦਨ ਵਾਲੇ ਘਰਾਂ ਦੀ ਗਿਣਤੀ ਵਧ ਰਹੀ ਹੈ। ਇਸ ਤੋਂ ਇਲਾਵਾ, ਪੇਂਡੂ ਖਰਚਿਆਂ ਦਾ ਅੱਧਾ ਤੋਂ ਵੱਧ ਹੁਣ ਭੋਜਨ ਤੋਂ ਇਲਾਵਾ ਹੋਰ ਚੀਜ਼ਾਂ 'ਤੇ ਹੈ, ਜੋ ਦਰਸਾਉਂਦਾ ਹੈ ਕਿ ਪੇਂਡੂ ਖੇਤਰ ਆਮਦਨ, ਉਮੀਦਾਂ ਅਤੇ ਖਰਚ ਦੇ ਮਜ਼ਬੂਤ ਕੇਂਦਰ ਬਣ ਗਏ ਹਨ।

ਫੰਡ ਦਾ ਪੋਰਟਫੋਲੀਓ ਪੇਂਡੂ ਖੇਤਰਾਂ ਨਾਲ ਮਜ਼ਬੂਤ ਸਬੰਧ ਵਾਲੀਆਂ ਕੰਪਨੀਆਂ ਤੋਂ ਬਣਾਇਆ ਜਾਵੇਗਾ। ਉੱਚ-ਗੁਣਵੱਤਾ ਅਤੇ ਵਿਕਾਸ ਨੂੰ ਉਤਸ਼ਾਹਿਤ ਕਰਨ ਵਾਲੀਆਂ ਕੰਪਨੀਆਂ ਦੀ ਚੋਣ ਕਰਨ ਲਈ ਮਜ਼ਬੂਤ ਅਤੇ ਸਖ਼ਤ ਮਾਪਦੰਡਾਂ ਦੀ ਵਰਤੋਂ ਕੀਤੀ ਜਾਵੇਗੀ। ਇਹ ਨਿਵੇਸ਼ਕਾਂ ਨੂੰ ਇੱਕ ਵਿਭਿੰਨ ਅਤੇ ਮਜ਼ਬੂਤ ਸਟਾਕ ਪੋਰਟਫੋਲੀਓ ਪ੍ਰਦਾਨ ਕਰੇਗਾ। ਇਸ ਪੋਰਟਫੋਲੀਓ ਦੀ ਸਮੇਂ-ਸਮੇਂ 'ਤੇ ਸਮੀਖਿਆ ਕੀਤੀ ਜਾਵੇਗੀ ਅਤੇ ਪੇਂਡੂ ਅਰਥਵਿਵਸਥਾ ਵਿੱਚ ਉੱਭਰ ਰਹੇ ਨਵੇਂ ਮੌਕਿਆਂ ਦਾ ਲਾਭ ਉਠਾਉਣ ਲਈ ਅਪਡੇਟ ਕੀਤਾ ਜਾਵੇਗਾ।

ਕੋਟਕ ਪੇਂਡੂ ਅਵਸਰ ਫੰਡ ਦੇ ਫੰਡ ਮੈਨੇਜਰ ਅਰਜੁਨ ਖੰਨਾ ਨੇ ਕਿਹਾ, ਪੇਂਡੂ ਵਿਸ਼ੇ 'ਤੇ ਸਾਡਾ ਨਜ਼ਰੀਆ ਢਾਂਚਾਗਤ ਤੌਰ 'ਤੇ ਸਕਾਰਾਤਮਕ ਹੈ। ਆਮਦਨ ਵਿੱਚ ਸੁਧਾਰ, ਸੁਧਾਰਿਆ ਬੁਨਿਆਦੀ ਢਾਂਚਾ, ਅਤੇ ਵਿੱਤ ਅਤੇ ਤਕਨਾਲੋਜੀ ਤੱਕ ਵਧਦੀ ਪਹੁੰਚ ਇਹ ਸਭ ਨਿਰੰਤਰ ਅਤੇ ਵਿਆਪਕ-ਅਧਾਰਤ ਵਿਕਾਸ ਲਈ ਇੱਕ ਪਲੇਟਫਾਰਮ ਬਣਾ ਰਹੇ ਹਨ।

ਉਨ੍ਹਾਂ ਅੱਗੇ ਕਿਹਾ, ਅੱਜ, ਪੇਂਡੂ ਅਰਥਵਿਵਸਥਾ ਖੇਤੀਬਾੜੀ ਤੱਕ ਸੀਮਤ ਨਹੀਂ ਹੈ; ਇਹ ਖੇਤੀਬਾੜੀ, ਨਿਰਮਾਣ, ਨਿਰਮਾਣ, ਸੇਵਾਵਾਂ ਅਤੇ ਖਪਤ ਵਰਗੇ ਕਈ ਖੇਤਰਾਂ ਨੂੰ ਫੈਲਾਉਂਦੀ ਹੈ। ਸਾਡਾ ਉਦੇਸ਼ ਉਨ੍ਹਾਂ ਕਾਰੋਬਾਰਾਂ ਦੀ ਪਛਾਣ ਕਰਨਾ ਹੈ ਜੋ ਇੱਕ ਵਿਭਿੰਨ, ਹੇਠਾਂ ਤੋਂ ਉੱਪਰ ਵੱਲ ਪਹੁੰਚ ਦੀ ਵਰਤੋਂ ਕਰਕੇ ਇਸ ਪਰਿਵਰਤਨ ਨੂੰ ਚਲਾ ਰਹੇ ਹਨ ਜਾਂ ਲਾਭ ਉਠਾ ਰਹੇ ਹਨ। ਇਹ ਫੰਡ ਨਿਵੇਸ਼ਕਾਂ ਨੂੰ ਇੱਕ ਅਨੁਸ਼ਾਸਿਤ ਅਤੇ ਖੋਜ-ਅਧਾਰਤ ਪ੍ਰਕਿਰਿਆ ਰਾਹੀਂ ਇਸ ਵਿਕਸਤ ਹੋ ਰਹੇ ਥੀਮ ਵਿੱਚ ਹਿੱਸਾ ਲੈਣ ਦਾ ਮੌਕਾ ਪ੍ਰਦਾਨ ਕਰਦਾ ਹੈ।

ਇਹ ਸਕੀਮ 6 ਨਵੰਬਰ, 2025 ਤੋਂ 20 ਨਵੰਬਰ, 2025 ਤੱਕ ਨਿਵੇਸ਼ ਲਈ ਖੁੱਲ੍ਹੀ ਰਹੇਗੀ। NFO ਮਿਆਦ ਦੇ ਦੌਰਾਨ, ਨਿਵੇਸ਼ਕ ਘੱਟੋ-ਘੱਟ ?1,000 ਨਾਲ ਸ਼ੁਰੂਆਤ ਕਰ ਸਕਦੇ ਹਨ ਅਤੇ ਉਸ ਤੋਂ ਬਾਅਦ ਕੋਈ ਵੀ ਰਕਮ ਨਿਵੇਸ਼ ਕਰ ਸਕਦੇ ਹਨ। SIP ਲਈ, ਤੁਸੀਂ ਘੱਟੋ-ਘੱਟ ?500 ਨਾਲ ਸ਼ੁਰੂਆਤ ਕਰ ਸਕਦੇ ਹੋ ਅਤੇ ਉਸ ਤੋਂ ਬਾਅਦ ਕੋਈ ਵੀ ਰਕਮ ਜੋੜ ਸਕਦੇ ਹੋ। ਕੋਟਕ ਪੇਂਡੂ ਅਵਸਰ ਫੰਡ ਬਾਰੇ ਵਧੇਰੇ ਜਾਣਕਾਰੀ ਲਈ, kotakmf.com 'ਤੇ ਜਾਓ। ਨਿਵੇਸ਼ ਕਰਨ ਤੋਂ ਪਹਿਲਾਂ, ਨਿਵੇਸ਼ਕਾਂ ਨੂੰ ਇਹ ਸਮਝਣ ਲਈ ਆਪਣੇ ਵਿੱਤੀ ਸਲਾਹਕਾਰ ਅਤੇ ਟੈਕਸ ਸਲਾਹਕਾਰ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਕਿ ਕੀ ਇਹ ਸਕੀਮ ਉਨ੍ਹਾਂ ਲਈ ਸਹੀ ਹੈ। ਕੋਟਕ ਮਹਿੰਦਰਾ ਸੰਪਤੀ ਪ੍ਰਬੰਧਨ ਕੰਪਨੀ (™1$1$3) ਕਿਸੇ ਖਾਸ ਜਾਂ ਭਵਿੱਖੀ ਰਿਟਰਨ ਦੀ ਗਰੰਟੀ ਨਹੀਂ ਦਿੰਦੀ।

# ਪ੍ਰਧਾਨ ਮੰਤਰੀ ਵੱਲੋਂ ਵਿਸ਼ਵ ਕੱਪ ਜੇਤੂ ਮਹਿਲਾ ਕ੍ਰਿਕਟ ਟੀਮ ਨਾਲ ਮੁਲਾਕਾਤ

## ਹਰਲੀਨ ਦਿਓਲ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਸਕਿਨਕੇਅਰ ਰੁਟੀਨ ਬਾਰੇ ਪੁੱਛਿਆ



**ਨਵੀਂ ਦਿੱਲੀ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਮਹਿਲਾ ਕ੍ਰਿਕਟ ਟੀਮ ਵੱਲੋਂ ਵਿਸ਼ਵ ਕੱਪ ਜਿੱਤਣ ਤੋਂ ਬਾਅਦ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਮੁੱਖ ਕੋਚ ਅਮੋਲ ਮਜ਼ੂਮਦਾਰ ਅਤੇ ਬੀ ਸੀ ਸੀ ਆਈ ਪ੍ਰਧਾਨ ਮਿਥੁਨ ਮਨਹਾਸ ਵੀ ਮੌਜੂਦ ਸਨ। ਪ੍ਰਧਾਨ ਮੰਤਰੀ ਵੱਲੋਂ ਵੀਰਵਾਰ ਨੂੰ ਸਾਂਝੀ ਕੀਤੀ ਗਈ ਗੱਲਬਾਤ ਦੀ ਵੀਡੀਓ ਵਿੱਚ ਕਪਤਾਨ ਹਰਮਨਪ੍ਰੀਤ ਕੌਰ ਨੇ ਕਿਹਾ, "ਮੈਨੂੰ ਅਜੇ ਵੀ ਯਾਦ ਹੈ ਜਦੋਂ ਅਸੀਂ 2017 ਵਿੱਚ ਤੁਹਾਨੂੰ ਮਿਲੇ ਸੀ। ਉਸ ਸਮੇਂ ਅਸੀਂ ਕੋਈ ਟਰਾਫ਼ੀ ਲੈ ਕੇ ਨਹੀਂ ਆਏ ਸੀ। ਪਰ ਸਾਡੇ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਇਸ ਵਾਰ, ਜਿਸ ਚੀਜ਼ ਲਈ ਅਸੀਂ ਇੰਨੇ ਸਾਲਾਂ ਤੋਂ ਸਖ਼ਤ ਮਿਹਨਤ ਕਰ ਰਹੇ ਸੀ, ਅਸੀਂ ਉਹ ਟਰਾਫ਼ੀ ਇੱਥੇ ਲੈ ਕੇ ਆਏ ਹਾਂ।"

ਜਦੋਂ ਭਾਰਤ ਦੀਆਂ ਮਹਿਲਾ ਕ੍ਰਿਕਟਰਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਖੁਸ਼ੀਨੁਮਾ ਮਾਹੌਲ ਵਿੱਚ ਗੱਲਬਾਤ ਕਰਨ ਲਈ ਬੈਠੀਆਂ, ਤਾਂ ਉਨ੍ਹਾਂ ਦੀ ਸ਼ਾਨਦਾਰ ਵਿਸ਼ਵ ਕੱਪ ਜੇਤੂ ਮੁਹਿੰਮ ਹੀ ਇੱਕਲੌਤਾ ਵਿਸ਼ਾ ਨਹੀਂ ਸੀ। ਇਸ ਦੌਰਾਨ ਟੈਟੂ ਅਤੇ ਇੱਥੋਂ ਤੱਕ ਕਿ ਸਕਿਨ ਕੇਅਰ ਰੁਟੀਨ ਬਾਰੇ ਵੀ ਚਰਚਾ ਹੋਈ।

ਪ੍ਰਧਾਨ ਮੰਤਰੀ ਮੋਦੀ ਨੇ ਜਵਾਬ ਦਿੱਤਾ, ÷ਤੁਸੀਂ ਬਹੁਤ ਵਧੀਆ ਕੰਮ ਕੀਤਾ ਹੈ। ਭਾਰਤ ਵਿੱਚ ਕ੍ਰਿਕਟ ਸਿਰਫ਼ ਇੱਕ ਖੇਡ ਨਹੀਂ ਹੈ। ਇੱਕ ਤਰ੍ਹਾਂ ਨਾਲ, ਇਹ ਭਾਰਤ ਦੇ ਲੋਕਾਂ ਦੀ ਜ਼ਿੰਦਗੀ ਬਣ ਗਈ ਹੈ। ਜੇ ਕ੍ਰਿਕਟ ਵਿੱਚ ਕੁਝ ਚੰਗਾ ਹੁੰਦਾ ਹੈ, ਤਾਂ ਭਾਰਤ ਚੰਗਾ ਮਹਿਸੂਸ ਕਰਦਾ ਹੈ ਅਤੇ ਜੇ ਕ੍ਰਿਕਟ ਵਿੱਚ ਥੋੜ੍ਹਾ ਜਿਹਾ ਵੀ ਕੁਝ ਗਲਤ ਹੁੰਦਾ ਹੈ, ਤਾਂ ਪੂਰਾ ਭਾਰਤ ਬੁਰਾ ਮਹਿਸੂਸ ਕਰਦਾ ਹੈ।

ਫਿਰ ਪ੍ਰਧਾਨ ਮੰਤਰੀ ਨੇ 'ਪਲੇਅਰ ਆਫ਼ ਦਿ ਟੂਰਨਾਮੈਂਟ' ਦੀਪਤੀ ਸ਼ਰਮਾ ਨੂੰ ਉਸ ਦੇ ਹਨੂਮਾਨ ਟੈਟੂ ਬਾਰੇ ਪੁੱਛਿਆ, ਜੋ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਸੀ। ਇਸ ਦੌਰਾਨ ਟਾਪ-ਆਰਡਰ ਬੱਲੇਬਾਜ਼ ਹਰਲੀਨ ਦਿਓਲ ਨੇ ਮੋਦੀ ਨੂੰ ਉਨ੍ਹਾਂ ਦੇ ਸਕਿਨ ਕੇਅਰ ਰੁਟੀਨ ਬਾਰੇ ਪੁੱਛਿਆ ਅਤੇ ਪੂਰਾ ਹਾਲ ਹਾਸੇ ਨਾਲ ਗੂੰਜ ਉੱਠਿਆ। ਇਸ 'ਤੇ ਪ੍ਰਧਾਨ ਮੰਤਰੀ ਨੇ ਖੁੱਲ੍ਹੇ ਦਿਲ ਨਾਲ ਹੱਸਦਿਆਂ ਜਵਾਬ ਦਿੱਤਾ, ਮੈਂ ਇਨ੍ਹਾਂ ਸਭ ਬਾਰੇ ਨਹੀਂ ਸੋਚਦਾ।

# ਰਾਜਿੰਦਰ ਗੁਪਤਾ ਨੇ ਪੰਜਾਬੀ ਵਿੱਚ ਰਾਜ ਸਭਾ ਮੈਂਬਰ ਵਜੋਂ ਹਲਫ਼ ਲਿਆ



**ਨਵੀਂ ਦਿੱਲੀ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਤੋਂ ਨਵੇਂ ਚੁਣੇ ਗਏ ਰਾਜ ਸਭਾ ਮੈਂਬਰ ਅਤੇ ਪ੍ਰਮੁੱਖ ਉਦਯੋਗਪਤੀ ਰਾਜਿੰਦਰ ਗੁਪਤਾ ਨੇ ਵੀਰਵਾਰ ਨੂੰ ਨਵੀਂ ਦਿੱਲੀ ਵਿੱਚ ਸੰਸਦ ਭਵਨ ਵਿਖੇ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕੀ ਹੈ। ਉਨ੍ਹਾਂ ਨੂੰ ਭਾਰਤ ਦੇ ਉਪ ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਸ੍ਰੀ ਸੀ. ਪੀ. ਰਾਧਾਕ੍ਰਿਸ਼ਨਨ ਨੇ ਸਹੁੰ ਚੁਕਾਈ। ਖਾਸ ਗੱਲ ਇਹ ਰਹੀ ਕਿ ਰਾਜਿੰਦਰ ਗੁਪਤਾ ਨੇ ਸੰਸਦ ਵਿੱਚ ਪੰਜਾਬੀ ਭਾਸ਼ਾ ਵਿੱਚ ਸਹੁੰ ਚੁੱਕ ਕੇ ਆਪਣੀ ਜ਼ਿੰਮੇਵਾਰੀ ਸੰਭਾਲੀ ਹੈ।

# ਬੰਗਲੁਰੂ 'ਚ ਭਿੜਨਗੇ ਗੱਤਕਾ ਯੋਧੇ : ਨੈਸ਼ਨਲ ਗੱਤਕਾ ਐਸੋਸੀਏਸ਼ਨ ਵੱਲੋਂ ਦੂਜਾ ਫੈਡਰੇਸ਼ਨ ਗੱਤਕਾ ਕੱਪ 9 ਨਵੰਬਰ ਤੱਕ

**ਚੰਡੀਗੜ੍ਹ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਗੱਤਕਾ ਫੈਡਰੇਸ਼ਨ ਤੋਂ ਮਾਨਤਾ ਪ੍ਰਾਪਤ ਦੇਸ਼ ਦੀ ਸਰਵਉੱਚ ਕੌਮੀ ਗੱਤਕਾ ਸੰਸਥਾ, ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ (ਐਨ.ਜੀ.ਏ.ਆਈ.) ਵੱਲੋਂ 7 ਤੋਂ 9 ਨਵੰਬਰ ਤੱਕ ਬੰਗਲੁਰੂ ਸਿਟੀ ਯੂਨੀਵਰਸਿਟੀ, ਬੰਗਲੁਰੂ, ਕਰਨਾਟਕਾ ਵਿਖੇ ਦੂਜਾ ਫੈਡਰੇਸ਼ਨ ਗੱਤਕਾ ਕੱਪ-2025 ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਭਾਰਤ ਦੇ ਬਿਹਤਰੀਨ ਨੌਜਵਾਨ ਗੱਤਕਈ ਯੋਧੇ ਰੋਮਾਂਚਕ ਜੰਗਜੂ ਮੁਕਾਬਲਿਆਂ ਦੌਰਾਨ ਆਪਣੀ ਕਲਾ ਦੇ ਜੌਹਰ ਦਿਖਾਉਣਗੇ। ਐਨ.ਜੀ.ਏ.ਆਈ. ਦੇ ਪ੍ਰਧਾਨ ਐਡਵੋਕੇਟ ਹਰਜੀਤ ਸਿੰਘ ਗਰੇਵਾਲ ਅਤੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਕੌਂਸਲ ਦੇ ਉਪ-ਪ੍ਰਧਾਨ ਸੁਖਚੈਨ ਸਿੰਘ ਕਲਸਾਨੀ ਨੇ ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੰਨਾਂ ਸਲਾਨਾ ਕੌਮੀ ਮੁਕਾਬਲਿਆਂ ਵਿੱਚ 19 ਸਾਲ ਤੋਂ ਘੱਟ ਉਮਰ ਵਰਗ ਵਿੱਚ ਦਸ ਰਾਜਾਂ ਦੀਆਂ ਟੀਮਾਂ ਗੱਤਕਾ ਸੋਟੀ ਅਤੇ ਫੱਰੀ-ਸੋਟੀ ਈਵੈਂਟਾਂ ਵਿੱਚ ਵਿਅਕਤੀਗਤ ਅਤੇ ਟੀਮ ਮੁਕਾਬਲਿਆਂ ਵਿੱਚ ਹਿੱਸਾ ਲੈਣਗੀਆਂ। ਉਨ੍ਹਾਂ ਦੱਸਿਆ



ਕਿ ਵਿਸ਼ਵ ਗੱਤਕਾ ਫੈਡਰੇਸ਼ਨ (ਡਬਲਿਊ.ਜੀ.ਐਫ.) ਅਤੇ ਏਸ਼ੀਅਨ ਗੱਤਕਾ ਫੈਡਰੇਸ਼ਨ (ਏ.ਜੀ.ਐਫ.) ਦੀ ਅਗਵਾਈ ਹੇਠ ਆਯੋਜਿਤ ਇਹ ਸਮਾਗਮ ਦੂਜੀਆਂ ਰਾਸ਼ਟਰੀ ਸੱਭਿਆਚਾਰਕ ਪਾਈਥੀਅਨ ਖੇਡਾਂ ਦੇ ਨਾਲ-ਨਾਲ ਆਯੋਜਿਤ ਹੋਵੇਗਾ ਜਿੱਥੇ ਭਾਰਤ ਦੇ ਸੱਭਿਆਚਾਰ ਅਤੇ ਵਿਰਾਸਤ ਦਾ ਵੱਡਾ ਮੁਜੱਸਮਾ ਦੇਖਣ ਨੂੰ ਮਿਲੇਗਾ। ਗੱਤਕਾ ਪ੍ਰਮੋਟਰ ਗਰੇਵਾਲ ਅਤੇ ਕਲਸਾਨੀ ਨੇ ਕਿਹਾ ਕਿ ਇਹ ਦੂਜਾ ਫੈਡਰੇਸ਼ਨ ਗੱਤਕਾ ਕੱਪ ਨਵੀਂ ਪੀੜ੍ਹੀ ਦੇ ਗੱਤਕਾ ਖਿਡਾਰੀਆਂ ਪ੍ਰਤਿਭਾ ਨੂੰ ਉਜਾਗਰ ਕਰੇਗਾ। ਉਨ੍ਹਾਂ ਦੱਸਿਆ ਕਿ ਬੰਗਲੂਰੂ ਦੇ ਸੋਨ ਤਗਮਾ ਜੇਤੂ ਮਾਸਕੋ ਵਿਖੇ ਅਗਲੇ ਸਾਲ 2026 ਵਿੱਚ ਹੋਣ ਵਾਲੀਆਂ ਪਹਿਲੀਆਂ ਕੌਮਾਂਤਰੀ ਪਾਈਥੀਅਨ ਸੱਭਿਆਚਾਰਕ ਖੇਡਾਂ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਲਈ ਸਿੱਧੀ ਟਿਕਟ ਹਾਸਲ ਕਰਨਗੇ ਜੋ ਕਿ ਗੱਤਕੇ ਦੀ ਵਿਸ਼ਵ ਯਾਤਰਾ ਵਿੱਚ ਇੱਕ ਵੱਡਾ ਕਦਮ ਸਾਬਤ ਹੋਵੇਗਾ। ਐਡਵੋਕੇਟ ਗਰੇਵਾਲ ਨੇ ਕਿਹਾ ਕਿ ਐਨ.ਜੀ.ਏ.ਆਈ. ਨੂੰ ਡਬਲਿਊ.ਜੀ. ਐਫ. ਅਤੇ ਏ.ਜੀ.ਐਫ. ਤੋਂ ਮਾਨਤਾ ਮਿਲਣ ਕਰਕੇ ਦੇਸ਼ ਦੀ ਸਭ ਤੋਂ ਪੁਰਾਣੀ ਗੱਤਕਾ ਸੰਸਥਾ ਇਸ ਖੇਡ ਨੂੰ ਵਿਸ਼ਵ ਪੱਧਰ @ਤੇ ਲਿਜਾਣ ਦੇ ਯੋਗ ਬਣੀ ਹੈ। ਇਸੇ ਅਗਵਾਈ ਸਦਕਾ ਹੀ ਐਨ.ਜੀ.ਏ. ਆਈ. ਵੱਲੋਂ ਇਸ ਖੇਡ ਨੂੰ ਕੌਮੀ ਪਾਈਥੀਅਨ ਸੱਭਿਆਚਾਰਕ ਖੇਡਾਂ, ਖੇਲੋ ਇੰਡੀਆ ਯੂਥ ਗੇਮਜ਼, ਨੈਸ਼ਨਲ ਗੇਮਜ਼, ਆਲ ਇੰਡੀਆ ਅੰਤਰ-ਯੂਨੀਵਰਸਿਟੀ ਟੂਰਨਾਮੈਂਟ ਅਤੇ ਨੈਸ਼ਨਲ ਸਕੂਲ ਖੇਡਾਂ ਵਿੱਚ ਮਾਨਤਾ ਮਿਲੀ ਹੈ।

# 84 ਦੇ ਪੀੜ੍ਹਤ ਪਰਿਵਾਰਾਂ ਨੂੰ ਮਿਲੇਗੀ ਨੌਕਰੀ; ਹਰਿਆਣਾ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਕਈ ਮਤਿਆਂ ਨੂੰ ਪ੍ਰਵਾਨਗੀ

**ਚੰਡੀਗੜ੍ਹ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤ ਪਰਿਵਾਰਾਂ ਨੂੰ ਨੌਕਰੀ ਦੇਣ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਲਈ ਹਰਿਆਣਾ ਸਰਕਾਰ ਨੇ ਠੇਕੇ 'ਤੇ ਨੌਕਰੀ ਦੇਣ ਵਾਲੀ ਨੀਤੀ-2022 ਵਿੱਚ ਸੋਧ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ। ਇਸ ਤੋਂ ਇਲਾਵਾ ਮੰਤਰੀ ਮੰਡਲ ਵੱਲੋਂ 13 ਹੋਰ ਏਜੰਡਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਹਰਿਆਣਾ ਸਰਕਾਰ ਵੱਲੋਂ ਦੰਗਾ ਪੀੜਤ ਪਰਿਵਾਰਾਂ ਦੇ ਇਕ-ਇਕ ਮੈਂਬਰ ਨੂੰ ਠੇਕੇ 'ਤੇ ਹਰਿਆਣਾ ਕੌਸ਼ਲ ਰੁਜ਼ਗਾਰ ਨਿਗਮ (ਐੱਚ ਕੇ ਆਰ ਐੱਨ) ਅਧੀਨ ਨੌਕਰੀ ਦਿੱਤੀ ਜਾਵੇਗੀ। ਮੁੱਖ ਮੰਤਰੀ ਨਾਇਬ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਦੰਗਾ ਪੀੜਤ ਪਰਿਵਾਰਾਂ ਨੂੰ ਹਰਿਆਣਾ ਕੌਸ਼ਲ ਰੁਜ਼ਗਾਰ ਨਿਗਮ ਵਿੱਚ ਲੈਵਲ-1, 2 ਤੇ 3 ਵਿੱਚ ਢੁੱਕਵੀਂ ਨੌਕਰੀ ਦਿੱਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ 25 ਅਗਸਤ ਨੂੰ ਵਿਧਾਨ ਸਭਾ ਵਿੱਚ ਦੰਗਾ ਪੀੜਤ ਪਰਿਵਾਰ ਦੇ ਇਕ ਜੀਅ ਨੂੰ ਨੌਕਰੀ ਦੇਣ ਦਾ ਐਲਾਨ ਕੀਤਾ ਸੀ। ਜਾਣਕਾਰੀ ਅਨੁਸਾਰ 1984 ਸਿੱਖ ਕਤਲੇਆਮ ਦੌਰਾਨ ਹਰਿਆਣਾ ਵਿੱਚ ਲਗਪਗ 20 ਗੁਰਦੁਆਰਿਆਂ, 221 ਮਕਾਨਾਂ, 154 ਦੁਕਾਨਾਂ, 57 ਫੈਕਟੀਆਂ, 3 ਰੇਲ ਡੱਬਿਆਂ ਅਤੇ 85 ਵਾਹਨਾਂ ਨੂੰ ਸਾੜ ਦਿੱਤਾ ਗਿਆ ਸੀ। ਇਨ੍ਹਾਂ ਦੰਗਿਆਂ ਦੌਰਾਨ 58 ਵਿਅਕਤੀ ਜ਼ਖ਼ਮੀ ਹੋਏ ਸਨ ਅਤੇ 121 ਦੀ ਮੌਤ ਹੋਈ ਸੀ। ਸਰਕਾਰ ਦੀ ਇਸ ਸਕੀਮ ਦਾ ਹੁਣ 121 ਪੀੜਤ ਪਰਿਵਾਰਾਂ ਨੂੰ ਲਾਭ ਹੋਵੇਗਾ। ਮੰਤਰੀ ਮੰਡਲ ਨੇ ਅਧਿਆਪਕਾਂ ਦੀ ਤਬਾਦਲਾ ਨੀਤੀ-2025 ਨੂੰ ਵੀ ਪ੍ਰਵਾਨਗੀ ਦਿੱਤੀ ਹੈ।

ਇਸ ਨੀਤੀ ਵਿੱਚ ਵਿਦਿਆਰਥੀਆਂ ਦੇ ਅਕਾਦਮਿਕ ਹਿੱਤਾਂ ਦੀ ਰਾਖੀ ਕਰਦਿਆਂ ਅਧਿਆਪਕ ਤੇ ਸਕੂਲ ਮੁਖੀਆਂ ਦੀ ਤਾਇਨਾਤੀ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਨਾਲ ਅਧਿਆਪਕ ਤੇ ਸਕੂਲ ਪ੍ਰਿੰਸੀਪਲ ਆਪਣੀ ਪਸੰਦ ਦੇ ਸਕੂਲ ਵਿੱਚ ਡਿਊਟੀ ਕਰ ਸਕਣਗੇ; ਹਾਲਾਂਕਿ ਨੂਹ, ਹਾਥਿਨ ਅਤੇ ਮੋਰਨੀ ਬਲਾਕ ਵਿੱਚ ਤਾਇਨਾਤ ਅਧਿਆਪਕਾਂ ਨੂੰ ਵਾਧੂ ਭੱਤੇ ਦੀ ਵਿਵਸਥਾ ਪਹਿਲਾਂ ਵਾਂਗ ਜਾਰੀ ਰਹੇਗੀ। ਮੇਵਾਤ ਕੇਡਰ ਨਾਲ ਸਬੰਧਤ ਅਧਿਆਪਕਾਂ ਨੂੰ ਕੇਡਰ ਤੋਂ ਬਾਹਰ ਤਾਇਨਾਤ ਨਹੀਂ ਕੀਤਾ ਜਾਵੇਗਾ। ਇਸ ਤੋਂ ਇਲਾਵਾ 'ਫੈਕਟਰੀਜ਼ (ਸੋਧ) ਆਰਡੀਨੈਂਸ-2025' ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ ਤਾਂ ਜੋ ਮੌਜੂਦਾ ਉਦਯੋਗਿਕ ਅਭਿਆਸਾਂ ਦੇ ਅਨੁਸਾਰ ਕਿਰਤ ਨਿਯਮਾਂ ਨੂੰ ਆਧੁਨਿਕ ਬਣਾਇਆ ਜਾ ਸਕੇ। ਇਸ ਤੋਂ ਇਲਾਵਾ ਸੂਬੇ ਦੀਆਂ ਫੈਕਟਰੀਆਂ ਵਿੱਚ ਲਿੰਗ ਸਮਾਨਤਾ ਅਤੇ ਮਜ਼ਦੂਰ ਭਲਾਈ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਸੋਧ ਅਨੁਸਾਰ ਹਰੇਕ ਮਾਲਕ ਜਾਂ ਫੈਕਟਰੀ ਪ੍ਰਬੰਧਕ ਵੱਲੋਂ ਕਰਮਚਾਰੀ ਨੂੰ ਨਿਯੁਕਤੀ ਪੱਤਰ ਜਾਰੀ ਕੀਤਾ ਜਾਵੇਗਾ। ਮੰਤਰੀ ਮੰਡਲ ਨੇ ਹਰਿਆਣਾ ਦੁਕਾਨ ਅਤੇ ਵਪਾਰਕ ਸਥਾਪਨਾਵਾਂ (ਸੋਧ) ਆਰਡੀਨੈਂਸ- 2025 ਨੂੰ ਪ੍ਰਵਾਨਗੀ ਦਿੱਤੀ ਹੈ।

# ਪੋਰਟਲ ਪੈਨਸ਼ਨਰਾਂ ਲਈ ਵਨ-ਸਟਾਪ ਹੱਲ, ਪੈਨਸ਼ਨ ਵੰਡ ਕੇਸਾਂ ਦੀ ਪ੍ਰਕਿਰਿਆ ਦੇ ਕੰਮ ਨੂੰ ਕਰੇਗਾ ਸਵੈਚਾਲਤ

**ਚੰਡੀਗੜ੍ਹ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਸੂਬੇ ਦੇ ਲਗਭਗ 3.15 ਲੱਖ ਪੈਨਸ਼ਨਰਾਂ ਲਈ ਪੈਨਸ਼ਨ ਸੇਵਾਵਾਂ ਨੂੰ ਸੁਚਾਰੂ ਬਣਾਉਣ ਲਈ ਤਿਆਰ ਕੀਤੇ ਗਏ 'ਪੈਨਸ਼ਨਰ ਸੇਵਾ ਪੋਰਟਲ' ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ। ਪੋਰਟਲ, ਜਿਸਦਾ ਪਤਾ https://pensionersewa.punjab.gov.i✪ ਹੈ, ਦਾ ਉਦੇਸ਼ ਪੈਨਸ਼ਨ ਵੰਡ ਕੇਸਾਂ ਦੀ ਪ੍ਰਕਿਰਿਆ ਦੇ ਕਾਰਜ ਪ੍ਰਵਾਹ ਨੂੰ ਸਵੈਚਾਲਤ ਕਰਨਾ ਅਤੇ ਪੈਨਸ਼ਨਰਾਂ ਤੇ ਪਰਿਵਾਰਕ ਪੈਨਸ਼ਨਰਾਂ ਨੂੰ ਕਈ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਨਾ ਹੈ।

ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਪੋਰਟਲ ਸ਼ੁਰੂ ਵਿੱਚ ਪੈਨਸ਼ਨਰਾਂ ਨੂੰ ਛੇ ਮੁੱਖ ਸੇਵਾਵਾਂ ਪ੍ਰਦਾਨ ਕਰੇਗਾ, ਜਿਨ੍ਹਾਂ ਵਿੱਚ 'ਜੀਵਨ ਪ੍ਰਮਾਣ' ਮੋਬਾਈਲ ਐਪ ਰਾਹੀਂ ਡਿਜੀਟਲ ਲਾਈਫ਼ ਸਰਟੀਫਿਕੇਟ ਜਮ੍ਹਾਂ ਕਰਾਉਣਾ, ਉਤਰਾਅਧਿਕਾਰੀ ਮਾਡਿਊਲ ਰਾਹੀਂ ਪੈਨਸ਼ਨ ਨੂੰ ਪਰਿਵਾਰਕ ਪੈਨਸ਼ਨ ਵਿੱਚ ਤਬਦੀਲ ਕਰਨ ਲਈ ਅਰਜ਼ੀ ਦੇਣਾ, ਲੀਵ ਟਰੈਵਲ ਕਨਸੈਸ਼ਨ (ਐੱਲ.ਟੀ.ਸੀ.) ਲੈਣ ਲਈ ਅਰਜ਼ੀ ਦੇਣਾ, ਸ਼ਿਕਾਇਤ ਨਿਵਾਰਣ ਮਾਡਿਊਲ ਰਾਹੀਂ ਪੈਨਸ਼ਨ ਸਬੰਧੀ ਸ਼ਿਕਾਇਤਾਂ ਦਰਜ ਕਰਨਾ, ਅਤੇ ਪ੍ਰੋਫ਼ਾਈਲ ਅਪਡੇਸ਼ਨ ਮਾਡਿਊਲ ਰਾਹੀਂ ਪੈਨਸ਼ਨਰ ਦੇ ਨਿੱਜੀ ਵੇਰਵਿਆਂ ਵਿੱਚ ਅਪਡੇਸ਼ਨ/ਬਦਲਾਅ ਕਰਨਾ ਸ਼ਾਮਲ ਹੈ। 'ਜੀਵਨ ਪ੍ਰਮਾਣ' ਮੋਬਾਈਲ ਐਪ ਐਂਡਰਾਇਡ ਤੇ https://play.google.com/store/apps/details?id=com.aadhaar.life ਅਤੇ ਐਪਲ ਫੋਨ ਲਈ https://apps.apple.com/in/app/jeevanpramaan/idFGCFCEID@E Óਤੇ ਉਪਲਬਧ ਹੈ।

ਵਿੱਤ ਮੰਤਰੀ ਨੇ ਅੱਗੇ ਦੱਸਿਆ ਕਿ ਇਹਨਾਂ ਸੇਵਾਵਾਂ ਦਾ ਲਾਭ ਲੈਣ ਦੀ ਪ੍ਰਕਿਰਿਆ ਸਰਲ ਅਤੇ ਵਰਤੋਂਕਾਰ-ਅਨੁਕੂਲ ਹੈ। ਉਨ੍ਹਾਂ ਕਿਹਾ ਕਿ ਪੈਨਸ਼ਨਰ ਪੋਰਟਲ 'ਤੇ ਉਪਲਬਧ ਆਧਾਰ ਪ੍ਰਮਾਣਿਕਤਾ ਸਹੂਲਤ ਰਾਹੀਂ ਈ-ਕੇ.ਵਾਈ.ਸੀ. ਪੂਰੀ ਕਰਕੇ 'ਪੈਨਸ਼ਨਰ ਸੇਵਾ ਪੋਰਟਲ' 'ਤੇ ਰਜਿਸਟਰ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਇਸ ਉਪਰੰਤ ਪੈਨਸ਼ਨਰ ਆਪਣੇ ਮੋਬਾਈਲ ਫੋਨਾਂ, ਪੀ.ਸੀਜ਼, ਜਾਂ ਲੈਪਟਾਪਾਂ ਰਾਹੀਂ ਪੋਰਟਲ 'ਤੇ ਆਪਣੀ ਲੌਗਇਨ ਆਈ.ਡੀ. ਦੀ ਵਰਤੋਂ ਕਰਕੇ ਘਰ ਬੈਠੇ ਹੀ ਇਹਨਾਂ ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ, ਇਹਨਾਂ ਸੇਵਾਵਾਂ ਦਾ ਲਾਭ ਨਜ਼ਦੀਕੀ ਸੇਵਾ ਕੇਂਦਰਾਂ, ਸੇਵਾ ਦੀ ਹੋਮ ਡਿਲੀਵਰੀ ਦੀ ਬੇਨਤੀ ਕਰਕੇ, ਸਬੰਧਤ ਪੈਨਸ਼ਨ ਵੰਡਣ ਵਾਲੇ ਬੈਂਕਾਂ, ਜਾਂ ਜ਼ਿਲ੍ਹਾ ਖ਼ਜ਼ਾਨਾ ਦਫ਼ਤਰਾਂ 'ਤੇ ਜਾ ਕੇ ਵੀ ਲਿਆ ਜਾ ਸਕਦਾ ਹੈ।

ਵਿੱਤ ਮੰਤਰੀ ਨੇ ਵਿਦੇਸ਼ਾਂ ਵਿੱਚ ਰਹਿ ਰਹੇ ਪੈਨਸ਼ਨਰਾਂ ਲਈ ਸਥਿਤੀ ਸਪੱਸ਼ਟ ਕਰਦੇ ਹੋਏ ਕਿਹਾ ਕਿ ਫਿਲਹਾਲ, 'ਪੈਨਸ਼ਨਰ ਸੇਵਾ ਪੋਰਟਲ' ਸਿਰਫ਼ ਭਾਰਤ ਦੇ ਅੰਦਰ ਹੀ ਚਾਲੂ ਹੈ, ਇਸ ਲਈ ਵਿਦੇਸ਼ਾਂ ਵਿੱਚ ਰਹਿ ਰਹੇ ਪੈਨਸ਼ਨਰਾਂ ਨੂੰ ਇਸ ਸ਼ੁਰੂਆਤੀ ਪੜਾਅ ਵਿੱਚ ਈ-ਕੇ.ਵਾਈ.ਸੀ. ਪੂਰਾ ਕਰਨ ਦੀ ਲੋੜ ਨਹੀਂ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਐੱਨ.ਆਰ.ਆਈ. ਪੈਨਸ਼ਨਰਾਂ ਲਈ ਈ-ਕੇ.ਵਾਈ.ਸੀ. ਨੂੰ ਸਮਰੱਥ ਬਣਾਉਣ ਲਈ ਕੰਮ ਚੱਲ ਰਿਹਾ ਹੈ ਅਤੇ ਉਦੋਂ ਤੱਕ, ਵਿਦੇਸ਼ਾਂ ਵਿੱਚ ਰਹਿ ਰਹੇ ਪੈਨਸ਼ਨਰ ਪਹਿਲਾਂ ਵਾਂਗ ਹੀ ਮੈਨੂਅਲ ਲਾਈਫ਼ ਸਰਟੀਫਿਕੇਟ ਜਮ੍ਹਾਂ ਕਰਵਾਉਂਦੇ ਰਹਿਣਗੇ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੰਨਿਆ ਕਿ ਕੁਝ ਪੈਨਸ਼ਨਰਾਂ ਨੂੰ ਰਜਿਸਟ੍ਰੇਸ਼ਨ ਦੌਰਾਨ ਸ਼ੁਰੂਆਤੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਇਸ ਲਈ ਤੁਰੰਤ ਮਦਦ ਅਤੇ ਸਹਾਇਤਾ ਪ੍ਰਦਾਨ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪੋਰਟਲ ਦੇ ਸ਼ੁਰੂ ਹੋਣ ਤੋਂ ਬਾਅਦ ਪੈਦਾ ਹੋਣ ਵਾਲੀਆਂ ਸ਼ਿਕਾਇਤਾਂ ਨੂੰ ਜਲਦੀ ਹੱਲ ਕਰਨ ਲਈ ਡਾਇਰੈਕਟੋਰੇਟ ਆਫ਼ ਟ੍ਰੇਜ਼ਰੀਜ਼ ਐਂਡ ਅਕਾਊਂਟਸ, ਪੈਨਸ਼ਨ ਅਤੇ ਨਵੀਂ ਪੈਨਸ਼ਨ ਸਕੀਮ ਵਿਖੇ ਇੱਕ ਸਮਰਪਿਤ ਵਾਰ ਰੂਮ ਸਥਾਪਤ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਡਾਇਰੈਕਟੋਰੇਟ ਪੱਧਰ 'ਤੇ ਤਿੰਨ ਸਮਰਪਿਤ ਹੈਲਪਲਾਈਨ ਨੰਬਰ (18001802148, 01722996385, 01722996386) ਨਿਰਧਾਰਤ ਕੀਤੇ ਗਏ ਹਨ, ਜੋ ਸਾਰੇ ਕੰਮਕਾਜੀ ਦਿਨਾਂ ਦੌਰਾਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਕਾਰਜਸ਼ੀਲ ਰਹਿਣਗੇ।

ਪੋਰਟਲ ਦੇ ਸੁਚਾਰੂ ਢੰਗ ਨਾਲ ਚਲਾਉਣ ਬਾਰੇ ਜਾਣਕਾਰੀ ਦਿੰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜ਼ਿਲ੍ਹਾ ਖ਼ਜ਼ਾਨਾ ਦਫ਼ਤਰਾਂ, ਬੈਂਕਾਂ ਅਤੇ ਸੇਵਾ ਕੇਂਦਰਾਂ ਦੇ ਕਰਮਚਾਰੀਆਂ ਲਈ ਸਿਖਲਾਈ ਸੈਸ਼ਨ ਸਫ਼ਲਤਾਪੂਰਵਕ ਕਰਵਾਏ ਗਏ ਹਨ ਅਤੇ ਵਿਸਥਾਰ ਵਿੱਚ ਜਾਣਕਾਰੀ ਦੇਣ ਵਾਲੇ ਦਸਤਾਵੇਜ ਮੁਹੱਈਆ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਖਾਸਤੌਰ 'ਤੇ 'ਪੈਨਸ਼ਨਰ ਸੇਵਾ ਪੋਰਟਲ' ਦਾ ਇੱਕ ਪਾਇਲਟ ਪ੍ਰੋਜੈਕਟ ਜ਼ਿਲ੍ਹਾ ਖ਼ਜ਼ਾਨਾ ਦਫ਼ਤਰਾਂ, ਬੈਂਕਾਂ ਅਤੇ ਸੇਵਾ ਕੇਂਦਰਾਂ ਦੇ ਪੱਧਰ 'ਤੇ ਪਹਿਲਾਂ ਹੀ ਸਫ਼ਲਤਾਪੂਰਵਕ ਸੰਪੰਨ ਹੋ ਚੁੱਕਾ ਹੈ, ਜੋ ਸੂਬਾ ਪੱਧਰੀ ਲਾਗੂਕਰਨ ਲਈ ਇਸਦੀ ਤਿਆਰੀ ਦੀ ਪੁਸ਼ਟੀ ਕਰਦਾ ਹੈ।

ਵਿੱਤ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ÷ਸਾਡੇ ਪੈਨਸ਼ਨਰ ਸਾਡਾ ਮਾਣ ਹਨ ਅਤੇ ਇਹ ਮਹੱਤਵਪੂਰਨ ਕਦਮ ਸੇਵਾਮੁਕਤ ਕਰਮਚਾਰੀਆਂ ਦੀਆਂ ਲੋੜਾਂ ਦੀ ਦੇਖਭਾਲ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਅਤੇ ਕਿਹਾ, ।÷ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ ਸੇਵਾਮੁਕਤ ਕਰਮਚਾਰੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ, ਅਤੇ 'ਪੈਨਸ਼ਨਰ ਸੇਵਾ ਪੋਰਟਲ' ਸੂਬੇ ਦੇ ਸਾਰੇ ਪੈਨਸ਼ਨਰਾਂ ਲਈ ਸਮੇਂ ਸਿਰ, ਸਹੀ ਅਤੇ ਔਕੜ ਰਹਿਤ ਪੈਨਸ਼ਨ ਸੇਵਾਵਾਂ ਨੂੰ ਯਕੀਨੀ ਬਣਾਏਗਾ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਇਸ ਕ੍ਰਾਂਤੀਕਾਰੀ ਕਦਮ ਨਾਲ ਸੂਬੇ ਵਿੱਚ ਰਹਿ ਰਹੇ ਪੈਨਸ਼ਨਰਾਂ ਨੂੰ ਲਾਭ ਹੋਵੇਗਾ ਅਤੇ ਉਨ੍ਹਾਂ ਦੀ ਜ਼ਿੰਦਗੀ ਆਸਾਨ ਹੋ ਜਾਵੇਗੀ।

# ਹਰਿਆਣਾ ਦੇ ਵਿਦਿਆਰਥੀਆਂ ਨਾਲ ਮੁੱਖ ਮੰਤਰੀ ਨੇ ਕੀਤਾ ਸੰਵਾਦ

**ਚੰਡੀਗੜ੍ਹ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਹਰਿਆਣਾ ਸਕੱਤਰੇਤ ਵਿੱਚ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਵਸ ਮੌਕੇ 'ਤੇ ਪੂਰੇ ਸੂਬੇ ਦੇ ਸਕੂਲਾਂ ਵਿੱਚ ਆਯੋਜਿਤ ਲੇਖ ਲੇਖਨ ਅਤੇ 'ਸੁਣੋ ਕਹਾਣੀ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੀ' ਮੁਕਾਬਲੇ ਦੀ ਵਰਚੂਅਲ ਸ਼ੁਰੂਆਤ ਕੀਤ। ਇਸ ਮੌਕੇ 'ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਅਦੁੱਤੀ ਹਿੰਮਤ, ਤਿਆਗ ਅਤੇ ਸਰਵੋਚ ਕੁਰਬਾਨੀ ਨੂੰ ਨਮਨ ਕਰਦੇ ਹੋਏ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਸਚਾਈ, ਹਿੰਮਤ ਅਤੇ ਮਨੁੱਖਤਾ ਦੀ ਵਿਲੱਖਣ ਮਿਸਾਲ ਹੈ।

ਇਸ ਮੌਕੇ 'ਤੇ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ, ਗ੍ਰਹਿ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ, ਉੱਚ ਸਿਖਿਆ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਵਿਨੀਤ ਗਰਗ, ਜਨਸੰਪਰਕ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਕੇ ਐਮ ਪਾਂਡੂਰੰਗ, ਵਧੀਕ ਨਿਦੇਸ਼ਕ (ਪ੍ਰਸਾਸ਼ਨ) ਸ੍ਰੀਮਤੀ ਵਰਸ਼ਾ ਖਾਂਗਵਾਲ, ਮੁੱਖ ਮੰਤਰੀ ਦੇ ਓਐਸਡੀ ਸ੍ਰੀ ਪ੍ਰਭਲੀਨ ਸਿੰਘ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ। ਸੂਬੇ ਦੇ ਵੱਖ - ਵੱਖ ਸਕੂਲ ਵਰਚੂਅਲ ਰਾਹੀਂ ਇਸ ਪ੍ਰੋਗਰਾਮ ਨਾਲ ਜੁੜੇ।

ਮਾਣਯੋਗ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਵਿਦਿਆਰਥੀਆਂ ਨਾਲ ਸੰਵਾਦ ਕਰਦੇ ਹੋਏ ਉਨ੍ਹਾਂ ਦੇ ਵਿਚਾਰ ਸੁਣੇ ਅਤੇ ਉਨ੍ਹਾਂ ਨੂੰ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਤੋਂ ਸਿੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਚਾਰ ਵਿਦਿਆਰਥੀਆਂ ਨੇ ਸਾਖੀ ਵਾਚਨ ਪੇਸ਼ ਕਰ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਨਾਲ ਜੁੜੀ ਪ੍ਰੇਰਕ ਘਟਨਾਵਾਂ ਨੂੰ ਸਾਂਝਾ ਕੀਤਾ।

ਮੁੱਖ ਮੰਤਰੀ ਨੇ ਇਸ ਆਯੋਜਨ ਵਿੱਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਂਪਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਮੁਕਾਬਲੇ ਦਾ ਉਦੇਸ਼ ਨਵੀਂ ਪੀੜੀ ਨੂੰ ਆਪਣੇ ਗੁਰੂਆਂ ਅਤੇ ਰਾਸ਼ਟਰ ਨਾਇਕਾਂ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ ਉਨ੍ਹਾਂ ਦੇ ਦਿਖਾਏ ਮਾਰਗ 'ਤੇ ਚਲਨ ਲਈ ਪ੍ਰੋਤਸਾਹਿਤ ਕਰਨਾ ਹੈ।

ਉਨ੍ਹਾਂ ਨੇ ਕਿਹਾ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਗੁਰੂਆਂ ਨੇ ਹਰਿਆਣਾ ਦੀ ਧਰਤੀ ਨੂੰ ਆਪਣੀ ਚਰਣਾਂ ਦੀ ਧੂਲ ਨਾਲ ਪਵਿੱਤਰ ਕੀਤਾ ਹੈ ਅਤੇ ਉਨ੍ਹਾਂ ਦੀ ਸਿਖਿਆਵਾਂ ਇੱਥੇ ਦੇ ਜਨਮਾਨਸ ਵਿੱਚ ਡੂੰਘਾਈ ਨਾਲ ਰਚੀਆਂ -ਵਸੀਆਂ ਹਨ।

ਮੁੱਖ ਮੰਤਰੀ ਸ੍ਰੀ ਸੈਣੀ ਨੇ ਦਸਿਆ ਕਿ ਇਸ ਆਯੋਜਨ ਵਿੱਚ ਪੂਰੇ ਸੂਬੇ ਦੇ ਸਕੂਲਾਂ ਤੋਂ ਸਾਢੇ ਤਿੰਨ ਲੱਖ ਤੋਂ ਵੱਧ ਵਿਦਿਆਰਥੀਆਂ ਦੀ ਭਾਗੀਦਾਰੀ ਹੋ ਰਹੀ ਹੈ, ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਨਵੀਂ ਪੀੜੀ ਆਪਣੇ ਗੁਰੂਆਂ ਦੇ ਆਦਰਸ਼ਾਂ ਅਤੇ ਕੁਰਬਾਨੀਆਂ ਤੋਂ ਪ੍ਰੇਰਣਾ ਲੈ ਰਹੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਮੁਕਾਬਲੇ ਵਿੱਚ ਪੂਰੇ ਮਨ ਨਾਲ ਹਿੱਸਾ ਲੈਣ ਅਤੇ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਤਿਆਗ, ਸਹਿਣ ਸ਼ਕਤੀ, ਸਮਾਨਤਾ ਅਤੇ ਨਿਆਂ ਦੇ ਸੰਦੇਸ਼ ਨੂੰ ਆਪਣੇ ਜੀਵਨ ਵਿੱਚ ਉਤਾਰਣ।

ਉਨ੍ਹਾਂ ਨੇ ਕਿਹਾ ਕਿ ਅੱਜ ਦੀ ਤਕਨੀਕੀ ਪੀੜ੍ਹੀ ਨੂੰ ਸੋਸ਼ਲ ਮੀਡੀਆ ਅਤੇ ਹੋਰ ਸਰੋਤਾਂ ਦੀ ਵਰਤੋ ਮਨੁੱਖਤਾ, ਕਰੁਣਾ ਅਤੇ ਭਾਈਚਾਰੇ ਦਾ ਸੰਦੇਸ਼ ਫੈਲਾਉਣ ਵਿੱਚ ਕਰਨੀ ਚਾਹੀਦੀ ਹੈ। ਇੱਥੇ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ। ਉਨ੍ਹਾਂ ਨੇ ਸਾਰੇ ਵਿਦਿਆਰਥੀਆਂ, ਅਧਿਆਪਕਾਂ ਅਤੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਕਰਮ ਅਤੇ ਵਿਚਾਰਾਂ ਨਾਲ ਰਾਸ਼ਟਰ ਨੂੰ ਹੋਰ ਮਜਬੂਤ ਬਨਾਂਉਣ ਦਾ ਸੰਕਲਪ ਲੈਣ। ਇਹੀ ਇਸ ਮੁਕਾਬਲੇ ਦਾ ਸੱਚਾ ਉਦੇਸ਼ ਹੈ।

# ਹਰਿਆਣਾ ਵਿੱਚ ਪਾਰਟਟਾਇਮ ਅਤੇ ਰੋਜ਼ਾਨਾ ਵੇਤਨਭੋਗੀ ਕਰਮਚਾਰੀਆਂ ਦੇ ਤਨਚਾਹ ਵਿੱਚ ਵਾਧਾ

**ਚੰਡੀਗੜ੍ਹ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਰਾਜ ਦੇ ਵੱਖ-ਵੱਖ ਵਿਭਾਗਾਂ, ਬੋਰਡਾਂ, ਨਿਗਮਾਂ ਅਤੇ ਪਬਲਿਕ ਇੰਟਰਪ੍ਰਾਈਸਿਸ ਵਿੱਚ ਕੰਮ ਕਰ ਰਹੇ ਪਾਰਟ ਟਾਇਮ ਅਤੇ ਡੇਅਲੀ ਵੇਜਿਜ ਕਰਮਚਾਰੀਆਂ ਦੇ ਤਨਖਾਹ ਵਿੱਚੋਂ ਧ ਕਰਨ ਦਾ ਫੈਸਲਾ ਕੀਤਾ ਹੈ। ਸੋਧ ਤਨਖਾਹ 1 ਜਨਵਰੀ, 2025 ਤੋਂ ਪ੍ਰਭਾਵੀ ਹੋਵੇਗੀ।

ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਵੱਲੋਂ ਇਸ ਸਬੰਧ ਵਿੱਚ ਇੱਕ ਨੋਟੀਫਿਕੇਸ਼ਨ ਕੀਤੀ ਗਈ ਹੈ। ਇਹ ਫੈਸਲਾ ਵੱਖ-ਵੱਖ ਵਿਭਾਗਾਂ ਅਤੇ ਸੰਗਠਨਾਂ ਵੱਲੋਂ ਤਨਖਾਹ ਵਾਧੇ ਦੇ ਸਬੰਧ ਵਿੱਚ ਕੀਤੇ ਗਏ ਪ੍ਰਤੀਵੇਦਨਾ ਦੇ ਬਾਅਦ ਕੀਤਾ ਗਿਆ ਹੈ, ਤਾਂ ਜੋ ਪਾਰਟ ਟਾਇਮ ਅਤੇ ਡੇਅਲੀ ਵੇਜਿਜ ਕਰਮਚਾਰੀਆਂ ਨੂੰ ਸਹੀ ਮਿਹਨਤਾਨਾ ਮਿਲ ਸਕੇ।

ਰਾਜ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ ਅਤੇ ਹਰ ਸ਼੍ਰੇਣੀ ਵਿੱਚ ਤਿੰਨ ਪੱਧਰਾਂ (ਲੇਵਲ) ਲਈ ਵੱਖ-ਵੱਖ ਤਨਖਾਹ ਦਰਾਂ ਤੈਅ ਕੀਤੀਆਂ ਗਈਆਂ ਹਨ।

ਸ਼੍ਰੇਣੀ-1 ਵਿੱਚ ਆਉਣ ਵਾਲੇ ਜਿਲ੍ਹਿਆਂ ਵਿੱਚ ਹੁਣ ਲੇਵਲ-1 ਕਰਮਚਾਰੀਆਂ ਨੂੰ 19,900 ਰੁਪਏ ਪ੍ਰਤੀ ਮਹੀਨਾ, 765 ਰੁਪਏ ਰੋਜ਼ਾਨਾ ਅਤੇ 96 ਰੁਪਏ ਪ੍ਰਤੀ ਘੰਟਾ ਤਨਖਾਹ ਮਿਲੇਗੀ। ਲੇਵਲ-2 ਕਰਮਚਾਰੀਆਂ ਨੂੰ 23,400 ਰੁਪਏ ਪ੍ਰਤੀ ਮਹੀਨਾ, 900 ਰੁਪਏ ਰੋਜ਼ਾਨਾ ਅਤੇ 113 ਰੁਪਏ ਪ੍ਰਤੀ ਘੰਟਾ, ਜਦੋਂ ਕਿ ਲੇਵਲ-3 ਕਰਮਚਾਰੀਆਂ ਨੂੰ 24,100 ਪ੍ਰਤੀ ਮਹੀਨਾ, 927 ਰੁਪਏ ਰੋਜ਼ਾਨਾ ਅਤੇ 116 ਰੁਪਏ ਪ੍ਰਤੀ ਘੰਟਾ ਦਿੱਤਾ ਜਾਵੇਗਾ।

ਸ਼੍ਰੇਣੀ -2 ਜਿਲ੍ਹਿਆਂ ਵਿੱਚ ਲੇਵਲ-1 ਲਈ 17,550 ਰੁਪਏ ਪ੍ਰਤੀ ਮਹੀਨਾ, 675 ਰੁਪਏ ਰੋਜ਼ਾਨਾ ਅਤੇ 84 ਰੁਪਏ ਪ੍ਰਤੀ ਘੰਟਾ ਮਿਲੇਗਾ। ਲੇਵਲ-2 ਲਈ 21,000 ਰੁਪਏ ਪ੍ਰਤੀ ਮਹੀਨਾ, 808 ਰੁਪਏ ਰੋਜ਼ਾਨਾ ਅਤੇ 101 ਪ੍ਰਤੀ ਘੰਟਾ, ਜਦੋਂ ਕਿ ਲੇਵਲ-3 ਲਈ 21,700 ਰੁਪਏ ਪ੍ਰਤੀ ਮਹੀਨਾ, 835 ਰੁਪਏ ਰੋਜ਼ਾਨਾ ਅਤੇ 104 ਰੁਪਏ ਪ੍ਰਤੀ ਘੰਟਾ ਤਨਖਾਹ ਨਿਰਧਾਰਿਤ ਕੀਤੀ ਗਈ ਹੈ।ਸ਼੍ਰੇਣੀ-3 ਜਿਲ੍ਹਿਆਂ ਵਿੱਚ ਲੇਵਲ-1 ਕਰਮਚਾਰੀਆਂ ਨੂੰ 16,250 ਰੁਪਏ ਪ੍ਰਤੀ ਮਹੀਨਾ, 625 ਰੁਪਏ ਰੋਜ਼ਾਨਾ ਅਤੇ 78 ਰੁਪਏ ਪ੍ਰਤੀ ਘੰਟਾ ਮਿਲੇਗਾ। ਲੇਵਲ -2 ਕਰਮਚਾਰੀਆਂ ਨੂੰ 19,800 ਰੁਪਏ ਪ੍ਰਤੀ ਮਹੀਨਾ, 762 ਰੁਪਏ ਰੋਜ਼ਾਨਾ ਅਤੇ 95 ਰੁਪਏ ਪ੍ਰਤੀ ਘੰਟਾ ੧ਦੋਂ ਕਿ ਲੇਵਲ-3 ਕਰਮਚਾਰੀਆਂ ਨੂੰ 20,450 ਰੁਪਏ ਪ੍ਰਤੀ ਮਹੀਨਾ, 787 ਰੁਪਏ ਰੋਜ਼ਾਨਾ ਅਤੇ 98 ਰੁਪਏ ਪ੍ਰਤੀ ਘੰਟਾ ਤਨਖਾਹ ਮਿਲੇਗੀ।

# ਸੂਰਜਮੁਖੀ, ਮੱਕੀ, ਆਲੂ ਦੀ ਵੱਡੇ ਪੱਧਰ 'ਤੇ ਹੁੰਦੀ ਖੇਤੀ

**ਪਟਿਆਲਾ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦਿਹਾਤੀ ਹਲਕੇ ਦੇ ਪਿੰਡ ਕੈਦੂਪੁਰ ਦੇ ਅਗਾਂਹਵਧੂ ਕਿਸਾਨ ਹੁਸ਼ਿਆਰ ਸਿੰਘ ਕੈਦੂਪੁਰ ਨੇ ਪਿਛਲੇ 20 ਸਾਲਾਂ ਤੋਂ ਆਪਣੇ ਖੇਤਾਂ ਵਿਚ ਕਦੇ ਵੀ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਗਾਈ। ਰਵਾਇਤੀ ਖੇਤੀ ਤੋਂ ਉਲਟ ਉਹ ਸੂਰਜਮੁਖੀ ਤੇ ਮੱਕੀ ਦੀ ਖੇਤੀ ਕਰਦੇ ਹਨ ਅਤੇ ਆਲੂ ਦੀ ਵੱਡੇ ਪੱਧਰ 'ਤੇ ਖੇਤੀ ਕਰਨ ਕਰਕੇ ਇਲਾਕੇ ਵਿਚ ਚੰਗੀ ਸ਼ੋਹਰਤ ਹਾਸਲ ਕਰ ਰਹੇ ਹਨ, ਜਿਸ ਨਾਲ ਖੇਤੀ ਨੂੰ ਮੁਨਾਫੇ ਦੇ ਰੂਪ ਵਿਚ ਅਪਣਾਇਆ ਜਾ ਰਿਹਾ ਹੈਇਸ ਤੋਂ ਇਲਾਵਾ, ਮਨਦੀਪ ਸਿੰਘ ਹੈਪੀ ਕੈਦੂਪੁਰ ਵੀ ਆਪਣੇ ਪਿਤਾ ਹੁਸ਼ਿਆਰ ਸਿੰਘ ਕੈਦੂਪੁਰ ਦੇ ਨਕਸ਼ੇ ਕਦਮ 'ਤੇ ਚੱਲ ਰਹੇ ਹਨ ਅਤੇ ਵਿਕਲਪਿਕ ਫਸਲਾਂ ਲਗਾ ਕੇ ਝੋਨੇ ਤੇ ਕਣਕ ਦੇ ਰਕਬੇ ਨੂੰ ਘਟਾ ਕੇ ਵਧੀਆ ਆਮਦਨ ਪ੍ਰਾਪਤ ਕਰ ਰਹੇ ਹਨ। ਇਹ ਕਿਸਾਨ ਪਰਿਵਾਰ ਇਲਾਕੇ ਦੇ ਹੋਰ ਕਿਸਾਨਾਂ ਲਈ ਪ੍ਰੇਰਣਾਸਰੋਤ ਬਣ ਗਿਆ ਹੈ।

ਦੱਸਣਯੋਗ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਬਿਨਾ ਝੋਨੇ ਦੀ ਪਰਾਲੀ ਨੂੰ ਅੱਗ ਲਾਏ ਖੇਤੀ ਕਰਨ ਵਾਲੇ ਅਗਾਂਹਵਧੂ ਕਿਸਾਨ ਹੁਸ਼ਿਆਰ ਸਿੰਘ ਦੇ ਖੇਤਾਂ ਵਿਚ ਪਹਿਲੀ ਵਾਰ ਖੇਤੀਬਾੜੀ ਅਤੇ ਸਿਵਲ ਪ੍ਰਸ਼ਾਸਨ ਵਿਭਾਗ ਦੇ ਏ. ਡੀ. ਸੀ. ਨਿਰੀਖਣ ਕਰਨ ਖੇਤਾਂ ਵਿਚ ਪਹੁੰਚੇ, ਜਿਥੇ ਉਨਾਂ ਅਗਾਂਹਵਧੂ ਕਿਸਾਨ ਦੀ ਪ੍ਰਸ਼ੰਸ਼ਾ ਕਰਦੇ ਹੋਏ ਹੋਰਨਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਕਿਸਾਨ ਵਾਂਗ ਵਨਸੁਵੰਨੀਆਂ ਫਸਲਾਂ ਪੈਦਾ ਕਰਕੇ ਆਮਦਨ ਦੇ ਵੱਡੇ ਸਰੋਤ ਪੈਦਾ ਕਰ ਸਕਦੇ ਹਨ, ਜਿਸ ਨਾਲ ਕਿਸਾਨ ਕਰਜੇ ਤੋਂ ਮੁਕਤ ਹੋਵੇਗਾ ਅਤੇ ਪਰਾਲੀ ਨੂੰ ਅੱਗ ਨਾ ਲਾ ਕੇ ਧਰਤੀ ਹੇਠਲੇ ਮਿੱਤਰ ਕੀੜਿਆਂ ਨੂੰ ਵੀ ਬਚਾਉਣ ਵਿਚ ਆਪਣਾ ਯੋਗਦਾਨ ਪਾਵੇਗਾ।ਇਥੇ ਤੱਕ ਕਿ ਹੁਣ ਪਟਿਆਲਾ ਦੇ ਡਿਪਟੀ ਕਮਿਸ਼ਨਰ ਵੀ ਕਿਸਾਨਾਂ ਨੂੰ ਫੋਨ ਕਰਕੇ ਪਰਾਲੀ ਨਾ ਸਾੜਨ ਦੀ ਅਪੀਲ ਕਰਨ ਦਾ ਦਾਅਵਾ ਕਰਦੇ ਹਨ ਪਰ ਜੇਕਰ ਲੰਬੇ ਸਮੇਂ ਤੋਂ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਹੀ ਧਿਆਨ ਵਿਚ ਨਹੀਂ ਰੱਖਿਆ ਗਿਆ ਤਾਂ ਇਹ ਸਿਰਫ ਦਿਖਾਵਾ ਹੀ ਰਹਿ ਜਾਵੇਗਾ।ਗੌਰਤਲਬ ਹੈ ਕਿ ਇਸ ਦੂਰਦਰਸ਼ੀ ਕਿਸਾਨ ਪਰਿਵਾਰ ਦੇ ਖੇਤਾਂ ਵਿਚ ਹਾਰਵੇਸਟਰ ਚਲਾਉਣ ਦੇ ਨਾਲ ਨਾਲ ਰੋਟਾਵੇਟਰ ਦੀ ਮਦਦ ਨਾਲ ਪਰਾਲੀ ਦੇ ਕੂੜੇ ਨੂੰ ਮਿੱਟੀ ਵਿਚ ਮਿਲਾਇਆ ਜਾਂਦਾ ਹੈ ਅਤੇ ਉਪਰਲੇ ਹਿੱਸੇ ਨੂੰ ਸੌਇਲ ਪਲਾਓਰ ਰਾਹੀਂ ਮਿੱਟੀ ਵਿਚ ਮਿਲਾ ਦਿੱਤਾ ਜਾਂਦਾ ਹੈ ਤਾਂ ਜੋ ਉਹੀ ਕੂੜਾ ਭਵਿੱਖ ਵਿਚ ਖਾਦ ਵਜੋਂ ਵਰਤਿਆ ਜਾ ਸਕੇ। ਇਸ ਨਾਲ ਫਸਲਾਂ ਨੂੰ ਤਾਕਤ ਮਿਲਦੀ ਹੈ ਅਤੇ ਧਰਤੀ ਵਿੱਚ ਮੌਜੂਦ ਮਿੱਤਰ ਕੀਟਾਂ ਨੂੰ ਵੀ ਜੀਵਤ ਰੱਖਿਆ ਜਾ ਸਕਦਾ ਹੈ।ਇਸ ਬਾਰੇ ਗੱਲ ਕਰਦੇ ਹੋਏ ਹੁਸ਼ਿਆਰ ਸਿੰਘ ਕੈਦੂਪੁਰ ਅਤੇ ਮਨਦੀਪ ਸਿੰਘ ਹੈਪੀ ਨੇ ਕਿਹਾ ਕਿ ਛੋਟੇ ਕਿਸਾਨਾਂ ਨੂੰ ਵੀ ਇਸ ਤਰਾਂ ਦੀ ਖੇਤੀ ਕਰਨੀ ਚਾਹੀਦੀ ਹੈ ਤਾਂ ਜੋ ਉਹ ਘੱਟ ਖਰਚ ਨਾਲ ਵੱਧ ਆਮਦਨ ਹਾਸਲ ਕਰ ਸਕਣ। ਜੇਕਰ ਅਸੀਂ ਕੂੜੇ ਨੂੰ ਮਿੱਟੀ ਵਿਚ ਮਿਲਾ ਦਿੰਦੇ ਹਾਂ ਤਾਂ ਫਸਲ ਪੈਦਾ ਕਰਨ ਲਈ ਵਰਤੇ ਜਾਣ ਵਾਲੇ ਯੂਰੀਆ, ਰੰਗ ਅਤੇ ਹੋਰ ਕੀਟਨਾਸ਼ਕਾਂ ਦੀ ਲੋੜ ਘੱਟ ਰਹਿ ਜਾਂਦੀ ਹੈ, ਜਿਸ ਦਾ ਸਿੱਧਾ ਲਾਭ ਕਿਸਾਨ ਨੂੰ ਹੁੰਦਾ ਹੈ।

# ਹਰਜੋਤ ਸਿੰਘ ਬੈਂਸ ਅਤੇ ਦੀਪਕ ਬਾਲੀ ਨੇ ਇਸ ਇਤਿਹਾਸਕ ਦਿਹਾੜੇ ਨੂੰ ਸਮਰਪਿਤ ਵੱਖੋ-ਵੱਖ ਸਮਾਗਮਾਂ ਅਤੇ ਪੁਖ਼ਤਾ ਪ੍ਰਬੰਧਾਂ ਬਾਰੇ ਦਿੱਤੀ ਜਾਣਕਾਰੀ

**ਚੰਡੀਗੜ੍ਹ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸਦੀਵੀ ਵਿਰਾਸਤ ਨੂੰ ਸਿਜਦਾ ਕਰਦਿਆਂ ਉਨ੍ਹਾਂ ਦੀ ਲਾਸਾਨੀ ਸ਼ਹਾਦਤ, ਸੱਚ ਦੇ ਰਾਹ 'ਤੇ ਚੱਲਣ ਦੇ ਸਿਧਾਂਤ ਅਤੇ ਧਾਰਮਿਕ ਆਜ਼ਾਦੀ ਦੇ ਸੰਦੇਸ਼ ਨੂੰ ਸਮੁੱਚੀ ਮਨੁੱਖਤਾ ਤੱਕ ਪਹੁੰਚਾਉਣ ਲਈ ਗੁਰੂ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੂਬਾ ਪੱਧਰੀ ਸਮਾਗਮਾਂ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ।

ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਸ੍ਰੀ ਦੀਪਕ ਬਾਲੀ ਨਾਲ ਅੱਜ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਕਿਸੇ ਇੱਕ ਧਰਮ ਜਾਂ ਫ਼ਿਰਕੇ ਲਈ ਨਹੀਂ, ਸਗੋਂ ਸਮੁੱਚੀ ਮਾਨਵਤਾ ਦੇ ਮੌਲਿਕ ਅਧਿਕਾਰਾਂ ਅਤੇ ਸਨਮਾਨ ਲਈ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਗੁਰੂ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਪੰਜਾਬ ਅਤੇ ਦੇਸ਼ ਦੇ ਹਰ ਕੋਨੇ ਤੱਕ ਜਾਣਕਾਰੀ ਪਹੁੰਚੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਇਸ ਮਹਾਨ ਕੁਰਬਾਨੀ ਤੋਂ ਪ੍ਰੇਰਨਾ ਤੇ ਸੇਧ ਲੈ ਸਕਣ।

ਵਿਆਪਕ ਅਤੇ ਵੱਖੋ-ਵੱਖ ਯਾਦਗਾਰੀ ਸਮਾਗਮਾਂ ਬਾਰੇ ਜਾਣਕਾਰੀ ਦਿੰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮ 4 ਨਵੰਬਰ ਨੂੰ ਸੂਬੇ ਭਰ ਵਿੱਚ ਸ਼ੁਰੂ ਹੋਣਗੇ।

ਇਨ੍ਹਾਂ ਸਮਾਗਮਾਂ ਨੂੰ ਅਜਿਹੇ ਤਰੀਕੇ ਨਾਲ ਉਲੀਕਿਆ ਗਿਆ ਹੈ ਕਿ ਹਰ ਉਮਰ ਵਰਗ ਖ਼ਾਸ ਤੌਰ 'ਤੇ ਨੌਜਵਾਨ ਅਤੇ ਵਿਦਿਆਰਥੀ ਇਨ੍ਹਾਂ ਦਾ ਹਿੱਸਾ ਬਣ ਸਕਣ। ਉਨ੍ਹਾਂ ਦੱਸਿਆ ਕਿ 10 ਨਵੰਬਰ ਤੋਂ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਨਰਸਰੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ 15-ਦਿਨਾਂ ਦਾ ਲਾਜ਼ਮੀ ਵਿਦਿਅਕ ਪਾਠਕ੍ਰਮ ਸ਼ੁਰੂ ਕੀਤਾ ਜਾਵੇਗਾ। ਸਵੇਰ ਦੀ ਸਭਾ ਦੌਰਾਨ 10-12 ਮਿੰਟ ਦਾ ਪਹਿਲਾਂ ਤੋਂ ਰਿਕਾਰਡ ਕੀਤਾ ਪਾਠ ਸਰਵਣ ਕੀਤਾ ਜਾਵੇਗਾ, ਜਿਸ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ, ਸ਼ਹਾਦਤ ਅਤੇ ਖ਼ਾਲਸਾ ਪੰਥ ਦੀ ਸਿਰਜਣਾ ਬਾਰੇ ਦੱਸਿਆ ਜਾਵੇਗਾ। ਇਸ ਪਹਿਲਕਦਮੀ ਦਾ ਉਦੇਸ਼ ਬੱਚਿਆਂ ਨੂੰ ਇਤਿਹਾਸ ਦੇ ਇਸ ਅਹਿਮ ਪੜਾਅ ਬਾਰੇ ਜਾਗਰੂਕ ਕਰਨਾ ਹੈ।

ਇਸ ਤੋਂ ਇਲਾਵਾ ਸਾਰੀਆਂ ਯੂਨੀਵਰਸਿਟੀਆਂ, ਕਾਲਜਾਂ, ਆਈ.ਟੀ.ਆਈਜ਼ ਅਤੇ ਪੌਲੀਟੈਕਨਿਕ ਕਾਲਜਾਂ ਨੂੰ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੈਮੀਨਾਰ ਅਤੇ ਸਮਾਗਮ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਕੈਬਨਿਟ ਮੰਤਰੀ ਨੇ ਇਨ੍ਹਾਂ ਸੰਸਥਾਵਾਂ ਤੋਂ ਮਿਲੇ ਉਤਸ਼ਾਹੀ ਹੁੰਗਾਰੇ 'ਤੇ ਤਸੱਲੀ ਦਾ ਪ੍ਰਗਟਾਵਾ ਵੀ ਕੀਤਾ।

ਉਨ੍ਹਾਂ ਕਿਹਾ ਕਿ ਸਾਰੇ ਜ਼ਿਲ੍ਹਿਆਂ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਅਤੇ ਲਾਸਾਨੀ ਸ਼ਹਾਦਤ ਨੂੰ ਉਜਾਗਰ ਕਰਦਾ ਇੱਕ ਵਿਸ਼ੇਸ਼ ਤੌਰ ▼ਤੇ ਤਿਆਰ ਕੀਤਾ ਗਿਆ 45 ਮਿੰਟ ਦਾ ਲਾਈਟ ਐਂਡ ਸਾਊਂਡ ਸ਼ੋਅ ਕਰਵਾਇਆ ਜਾਵੇਗਾ ਅਤੇ ਇਹ ਸ਼ੋਅ 4 ਨਵੰਬਰ ਨੂੰ ਪਟਿਆਲਾ, ਜਲੰਧਰ, ਫਤਿਹਗੜ੍ਹ ਸਾਹਿਬ ਅਤੇ ਪਠਾਨਕੋਟ ਤੋਂ ਸ਼ੁਰੂ ਹੋਵੇਗਾ, ਜਿਸ ਤੋਂ ਬਾਅਦ ਸੂਬੇ ਦੇ ਹੋਰ ਜ਼ਿਲ੍ਹਿਆਂ ਵਿੱਚ ਵੀ ਇਹ ਸ਼ੋਅ ਕਰਵਾਇਆ ਜਾਵੇਗਾ।

ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਸਜਾਏ ਜਾਣ ਵਾਲੇ ਚਾਰ ਨਗਰ ਕੀਰਤਨਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਇੱਕ ਨਗਰ ਕੀਰਤਨ 19 ਨਵੰਬਰ ਨੂੰ ਗੁਰਦੁਆਰਾ ਛੇਵੀਂ ਪਾਤਸ਼ਾਹੀ ਸ੍ਰੀਨਗਰ (ਜੰਮੂ ਅਤੇ ਕਸ਼ਮੀਰ) ਤੋਂ ਸਜਾਇਆ ਜਾਵੇਗਾ। ਇਸ ਨਗਰ ਕੀਰਤਨ ਵਿੱਚ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ, ਜੰਮੂ ਅਤੇ ਕਸ਼ਮੀਰ ਦੇ ਮੁੱਖ ਮੰਤਰੀ ਸ੍ਰੀ ਉਮਰ ਅਬਦੁੱਲਾ, ਪੰਜਾਬ ਦੇ ਸਾਰੇ ਕੈਬਨਿਟ ਮੰਤਰੀ ਅਤੇ ਵਿਧਾਇਕ ਸ਼ਾਮਲ ਹੋਣਗੇ, ਜਦੋਂ ਕਿ ਬਾਕੀ ਤਿੰਨ ਨਗਰ ਕੀਰਤਨ ਫਰੀਦਕੋਟ, ਬਠਿੰਡਾ ਅਤੇ ਗੁਰਦਾਸਪੁਰ ਤੋਂ ਸਜਾਏ ਜਾਣਗੇ।

ਚਾਰੇ ਨਗਰ ਕੀਰਤਨ 22 ਨਵੰਬਰ ਦੀ ਸ਼ਾਮ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਣਗੇ। ਇਨ੍ਹਾਂ ਨਗਰ ਕੀਰਤਨਾਂ ਦੌਰਾਨ ਸਾਰੇ ਕੈਬਨਿਟ ਮੰਤਰੀ, ਵਿਧਾਇਕ ਅਤੇ ਅਧਿਕਾਰੀ ਨਿਮਾਣੇ ਸੇਵਕ ਵਜੋਂ ਸੇਵਾ ਨਿਭਾਉਣਗੇ।

ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਵੱਲੋਂ ਵਸਾਈ ਪਵਿੱਤਰ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ 23 ਤੋਂ 25 ਨਵੰਬਰ ਤੱਕ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਸਮਾਗਮ ਕਰਵਾਏ ਜਾਣਗੇ।

ਇਸ ਪਾਵਨ ਮੌਕੇ ਦੀ ਮਹੱਤਤਾ ▼ਤੇ ਚਾਨਣਾ ਪਾਉਂਦਿਆਂ ਉਨ੍ਹਾਂ ਦੱਸਿਆ ਕਿ ਸਮਾਗਮਾਂ ਦੀ ਸ਼ੁਰੂਆਤ 23 ਨਵੰਬਰ ਨੂੰ ਅਖੰਡ ਪਾਠ ਸਾਹਿਬ ਦੇ ਨਾਲ ਹੋਵੇਗੀ, ਜਿਸ ਉਪਰੰਤ ਸਰਬ ਧਰਮ ਸੰਮੇਲਨ, ਵਿਰਾਸਤ-ਏ-ਖਾਲਸਾ ਵਿਖੇ ਇੱਕ ਪ੍ਰਦਰਸ਼ਨੀ, ਸ਼ਾਮ 5 ਵਜੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਅਤੇ ਕੁਰਬਾਨੀ ਨੂੰ ਦਰਸਾਉਂਦਾ ਆਪਣੀ ਕਿਸਮ ਦਾ ਪਹਿਲਾ ਡਰੋਨ ਸ਼ੋਅ ਅਤੇ ਸ਼ਾਮ 6 ਵਜੇ ਕੀਰਤਨ ਦਰਬਾਰ ਹੋਵੇਗਾ।

ਦਿਨ ਦੀ ਸਮਾਪਤੀ ਸ਼ਹਾਦਤ ਦੀ ਲੋਅ÷ ਨਾਲ ਹੋਵੇਗੀ,ਜਿਸ ਤਹਿਤ ਮਸ਼ਾਲਾਂ ਜਗਾ ਕੇ ਪਵਿੱਤਰ ਸ਼ਹਿਰ ਨੂੰ ਰੌਸ਼ਨ ਕੀਤਾ ਜਾਵੇਗਾ।

# ਕੁਰੂਕਸ਼ੇਤਰ ਦੇ ਵਿਕਾਸ ਲਈ 250 ਕਰੋੜ ਰੁਪਏ ਦੀ ਰਕਮ ਕੀਤੀ ਜਾਰੀ

**ਚੰਡੀਗੜ੍ਹ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਰਧਾਲੂਆ ਦੀ ਵੱਧਦੀ ਤਾਦਾਦ ਨੂੰ ਦੇਖਦੇ ਹੋਏ ਕੁਰੂਕਸ਼ੇਤਰ ਵਿੱਚ ਰਿੰਗ ਰੋਡ ਦੀ ਯੋਜਨਾ 'ਤੇ ਤੇਜੀ ਨਾਲ ਕੰਮ ਚੱਲ ਰਿਹਾ ਹੈ। ਇਸ ਦੀ ਡੀਪੀਆਰ ਲਗਭਗ ਤਿਆਰ ਹੋ ਚੁੱਕੀ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਕੁਰੂਕਸ਼ੇਤਰ ਦੇ ਵਿਕਾਸ ਲਈ 250 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ, ਜਿਸ ਨਾਲ ਧਰਮਨਗਰੀ ਨੂੰ ਨਵਾਂ ਸਵਰੂਪ ਮਿਲ ਰਿਹਾ ਹੈ।

ਇਹ ਗੱਲ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਹਰਿਆਣਾ ਨਿਵਾਸ ਵਿੱਚ ਆਯੋਜਿਤ ਕੌਮਾਂਤਰੀ ਗੀਤਾ ਮਹੋਤਸਵ ਦੇ ਸਬੰਧ ਵਿੱਚ ਆਯੋਜਿਤ ਪ੍ਰੈਸ ਕਾਨਫ੍ਰੈਂਸ ਦੌਰਾਨ ਪੱਤਰਕਾਰਾਂ ਵੱਲੋਂ ਪੁੱਛੇ ਗਏ ਸੁਆਲ ਦੇ ਜਵਾਬ ਵਿੱਚ ਕਹੀ। ਮੁੱਖ ਮੰਤਰੀ ਨੇ ਕਿਹਾ ਕਿ ਸਾਲ 2014 ਵਿੱਚ ਕੁਰੂਕਸ਼ੇਤਰ ਵਿੱਚ ਆਯੋਜਿਤ ਜਨਸਭਾ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਕਿਹਾ ਸੀ ਕਿ ਗੀਤਾ ਦੀ ਜਨਮਭੂਮੀ ਕੁਰੂਕਸ਼ੇਤਰ ਨੂੰ ਵਿਸ਼ਵ ਪਹਿਚਾਣ ਮਿਲਣੀ ਚਾਹੀਦੀ ਹੈ ਅਤੇ ਇਸ 'ਤੇ ਕੰਮ ਕਰਦੇ ਹੋਏ ਸੂਬਾ ਸਰਕਾਰ ਨੇ ਕੁਰੂਕਸ਼ੇਤਰ ਨੂੰ ਕੌਮਾਂਤਰੀ ਪੱਧਰ 'ਤੇ ਪਹਿਚਾਣ ਦਿਵਾਉਣ ਲਈ ਅਨੇਕ ਕੰਮਾਂ ਨੂੰ ਅਮਲੀਜਾਮਾ ਪਹਿਨਾਇਆ ਹੈ। ਅੱਜ ਧਰਮਖੇਤਰ-ਕੁਰੂਕਸ਼ੇਤਰ ਵਿੱਚ ਨਾ ਸਿਰਫ ਦੇਸ਼ ਤੋਂ ਵੱਧ ਵਿਦੇਸ਼ਾਂ ਤੋਂ ਭਾਰੀ ਗਿਣਤੀ ਵਿੱਚ ਸੈਲਾਨੀ ਤੇ ਸ਼ਰਧਾਲੂ ਪਹੁੰਚ ਰਹੇ ਹਨ। ਅੱਜ ਗੀਤਾ ਜੈਯੰਤੀ ਮਹੋਤਸਵ ਨੂੰ ਕੌਮਾਂਤਰੀ ਪੱਧਰ 'ਤੇ ਖਿਆਤੀ ਦਿਵਾਈ ਹੈ।

ਉਨ੍ਹਾਂ ਨੇ ਕਿਹਾ ਕਿ ਧਰਮਨਗਰੀ ਨੂੰ ਵੱਡਾ ਅਤੇ ਆਕਰਸ਼ਕ ਬਣਾਇਆ ਜਾ ਰਿਹਾ ਹੈ। ਜੋਤੀਸਰ ਵਿੱਚ ਮਹਾਭਾਰਤ ਸਮੇਂ ਦੀ ਘਟਨਾਵਾਂ 'ਤੇ ਅਧਾਰਿਤ ਅਨੁਭਵ ਕੇਂਦਰ ਬਣ ਕੇ ਲਗਭਗ ਤਿਆਰ ਹੈ। 25 ਨਵੰਬਰ ਨੂੰ ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦੁਰ ਦੇ 350ਵੇਂ ਸ਼ਹੀਦੀ ਦਿਵਸ 'ਤੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਕੁਰੂਕਸ਼ੇਤਰ ਆ ਰਹੇ ਹਨ, ਉਸ ਦਿਨ ਉਹ ਕੌਮਾਂਤਰੀ ਗੀਤਾ ਮਹੋਤਸਵ ਵਿੱਚ ਵੀ ਸ਼ਿਰਕਤ ਕਰਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਸਾਲ ਕੌਮਾਂਤਰੀ ਗੀਤਾ ਮਹੋਤਸਵ ਵਿੱਚ ਵਿਦੇਸ਼ ਮੰਤਰਾਲੇ ਵਿਸ਼ੇਸ਼ ਭੂਮਿਕਾ ਨਿਭਾ ਰਿਹਾ ਹੈ। ਵਿਦੇਸ਼ ਮੰਤਰਾਲੇ ਰਾਹੀਂ 24 ਦੇਸ਼ਾਂ ਨੂੰ ਸੱਦੇ ਦਿੱਤੇ ਜਾ ਚੁੱਕੇ ਹਨ।

ਸੈਰ-ਸਪਾਟਾ ਨੂੰ ਪ੍ਰੋਤਸਾਹਨ ਦੇਣ ਲਈ ਭਾਰਤ ਸਰਕਾਰ ਦੀ ਪਰਿਯੋਜਨਾ ਕ੍ਰਿਸ਼ਣਾ ਸਰਕਿਟ ਦੇ ਸਬੰਧ ਵਿੱਚ ਪੁੱਛੇ ਜਾਣ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਕੁਰੂਕਸ਼ੇਤਰ ਹੁਣ ਸਿਰਫ ਤੀਰਥ ਨਹੀਂ, ਸਗੋ ਵਿਸ਼ਵ ਖਿੱਚ ਦਾ ਕੇਂਦਰ ਬਣੇਗਾ। ਇਸ ਪਰਿਯੋਜਨਾ ਦੇ ਤਹਿਤ ਕੁਰੂਕਸ਼ੇਤਰ ਤੋਂ ਇਲਾਵਾ ਪਿੰਜੌਰ ਵਿੱਚ ਪਿੰਜੌਰ ਗਾਰਡਨ ਦੇ ਮੁੜ ਵਿਸਥਾਰ ਦੇ ਨਾਲ ਟਿੱਕਰ ਤਾਲ ਦਾ ਵੀ ਸੁੰਦਰੀਕਰਨ ਕਰਨ ਦੀ ਯੋਜਨਾ 'ਤੇ ਸਰਕਾਰ ਕੰਮ ਕਰ ਰਹੀ ਹੈ।

ਇੱਕ ਸੁਆਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਮਹਾਭਾਰਤ ਥੀਮ 'ਤੇ ਧਰਮਨਗਰੀ ਸਜ ਰਹੀ ਹੈ, ਮੁੱਖ ਚੌਰਾਹਿਆਂ ਦਾ ਨਾਮਕਰਣ ਮਹਾਭਾਰਤ ਦੇ ਯਾਤਰਾ ਦੇ ਨਾਮ 'ਤੇ ਕੀਤਾ ਜਾ ਰਿਹਾ ਹੈ। ਪੂਰੇ ਸ਼ਹਿਰ ਵਿੱਚ ਮਹਾਭਾਰਤ ਸਮੇਂ ਦੀ ਚਿੱਤਰਕਾਰੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਤੋਂ ਆਉਣ ਵਾਲੇ ਸ਼ਰਧਾਲੂ ਅਤੇ ਵਿਜ਼ਟਰ ਉਸ ਯੁੱਗ ਦੀ ਰੋਚਕ ਘਟਨਾਵਾਂ ਨੂੰ ਜੀਵੰਤ ਰੂਪ ਵਿੱਚ ਤਜਰਬਾ ਕਰਨਗੇ।

ਇਸ ਮੌਕੇ 'ਤੇ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ, ਸੂਚਨਾ, ਜਨ ਸੰਪਰਕ ਅਤੇ ਭਾਸ਼ਾ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਕੁਮਾਰ, ਅਗਰਵਾਲ, ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਕੇ ਮਕਰੰਦ ਪਾਂਡੂਰੰਗ, ਮੁੱਖ ਮੰਤਰੀ ਦੇ ਮੀਡੀਆ ਸਕੱਤਰ ਸ੍ਰੀ ਪ੍ਰਵੀਣ ਅੱਤਰੇ ਸਮੇਤ ਕੁਰੂਕਸ਼ੇਤਰ ਵਿਕਾਸ ਬੋਰਡ ਦੇ ਅਨੇਕ ਅਧਿਕਾਰੀ ਮੌਜੂਦ ਰਹੇ।

# ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਵਸ 'ਤੇ 25 ਨਵੰਬਰ ਨੂੰ ਕੁਰੂਕਸ਼ੇਤਰ ਵਿੱਚ ਮਨਾਇਆ ਜਾਵੇਗਾ ਸਮਾਰੋਹ

**ਚੰਡੀਗੜ੍ਹ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ 25 ਨਵੰਬਰ ਨੂੰ ਕੁਰੂਕਸ਼ੇਤਰ ਵਿੱਚ ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਵਸ 'ਤੇ ਹੋਣ ਵਾਲੇ ਰਾਜਪੱਧਰੀ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੀ ਸ਼ਿਰਕਤ ਕਰਣਗੇ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਕੌਮਾਂਤਰੀ ਗੀਤਾ ਮਹੋਤਸਵ ਵਿੱਚ ਵੀ ਸ਼ਾਮਿਲ ਹੋਣਗੇ। ਧਰਮਖੇਤਰ-ਕੁਰੂਕਸ਼ੇਤਰ ਵਿੱਚ 15 ਨਵੰਬਰ ਤੋਂ ਸ਼ੁਰੂ ਹੋਣ ਵਾਲਾ 10ਵਾਂ ਕੌਮਾਂਤਰੀ ਗੀਤਾ ਮਹੋਤਸਵ 5 ਦਸੰਬਰ ਤੱਕ ਚੱਲੇਗਾ। ਪਹਿਲੀ ਵਾਰ ਇਹ ਮਹੋਤਸਵ 21 ਦਿਨ ਤੱਕ ਚੱਲੇਗਾ।

ਮੁੱਖ ਮੰਤਰੀ ਸੋਮਵਾਰ ਨੂੰ ਹਰਿਆਣਾ ਨਿਵਾਸ ਚੰਗੀਗੜ੍ਹ ਵਿੱਚ ਆਯੋਜਿਤ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਕੌਮਾਂਤਰੀ ਗੀਤਾ ਮਹੋਤਸਵ ਵਿੱਚ ਸਭਿਆਚਾਰ, ਗਿਆਨ ਅਤੇ ਅਧਿਆਤਮਕਤਾ ਦਾ ਵੱਖ ਹੀ ਸੰਗਮ ਦੇਖਣ ਨੂੰ ਮਿਲੇਗਾ। ਮੁੱਖ ਮੰਤਰੀ ਨੇ ਕਿਹਾ ਕਿ ਧਰਮਖੇਤਰ-ਕੁਰੂਕਸ਼ੇਤਰ 48 ਕੋਸ ਦੇ ਘੇਰੇ ਵਿੱਚ ਫੈਲਿਆ ਹੈ। ਇਸ ਖੇਤਰ ਵਿੱਚ ਅਨੇਕ ਤੀਰਥ ਹਨ। ਕੁਰੂਕਸ਼ੇਤਰ ਵਿਕਾਸ ਬੋਰਡ ਵੱਲੋਂ 182 ਤੀਰਥਾਂ ਦੀ ਪਹਿਚਾਣ ਕੀਤੀ ਜਾ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਗੀਤਾ ਮਹੋਤਸਵ ਨੇ ਕੌਮਾਂਤਰੀ ਪਹਿਚਾਣ ਬਣਾ ਲਈ ਹੈ। ਗੀਤਾ ਮਹੋਤਸਵ ਦਾ ਆਯੋਜਨ ਮਾਰੀਸ਼ਸ, ਲੰਡਨ, ਯੂਕੇ, ਕੈਨੇਡਾ, ਆਸਟ੍ਰੇਲਿਆ, ਸ਼੍ਰੀਲੰਕਾ ਅਤੇ ਇੰਡੋਨੇਸ਼ਿਆ ਵਿੱਚ ਆਯੋਜਿਤ ਕੀਤਾ ਜਾ ਚੁੱਕਾ ਹੈ। ਗੀਤਾ ਦੀ ਜਨਮਸਥਲੀ ਧਰਮਖੇਤਰ-ਕੁਰੂਕਸ਼ੇਤਰ ਵਿੱਚ ਹਰ ਸਾਲ ਕੌਮਾਂਤਰੀ ਗੀਤਾ ਮਹੋਤਸਵ ਵਿੱਚ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ। ਇਸ ਲਈ ਹਰ ਸਾਲ ਪ੍ਰਬੰਧ ਵੀ ਵਿਆਪਕ ਪੱਧਰ 'ਤੇ ਕੀਤੇ ਜਾਂਦੇ ਹਨ।

ਉਨ੍ਹਾਂ ਨੇ ਕਿਹਾ ਕਿ ਇਸ ਵਾਰ ਦੇ ਕੌਮਾਂਤਰੀ ਗੀਤਾ ਮਹੋਤਸਵ ਵਿੱਚ ਮੱਧ ਪ੍ਰਦੇਸ਼ ਸਹਿਯੋਗੀ ਸੂਬਾ ਦੀ ਭੂਮਿਕਾ ਵਿੱਚ ਰਹੇਗਾ। ਮੱਧ ਪ੍ਰਦੇਸ਼ ਆਪਣੀ ਖੁਸ਼ਹਾਲ ਧਾਰਮਿਕ ਤੇ ਅਧਿਆਤਮਕ ਸਭਿਆਚਾਰ ਲਈ ਵਿਖਆਤ ਹੈ। ਅਜਿਹੇ ਮਹਾਨ ਸਭਿਆਚਾਰਕ ਰਿਵਾਇਤਾਂ ਵਾਲੇ ਰਾਜ ਦਾ ਕੌਮਾਂਤਰੀ ਗੀਤਾ ਮਹੋਤਸਵ ਵਿੱਚ ਸਹਿਯੋਗੀ ਸੂਬਾ ਬਨਣ ਨਾਲ ਇਸ ਮਹੋਤਸਵ ਦੀ ਗਰਿਮਾ ਅਤੇ ਮਾਣ ਕਈ ਗੁਣਾ ਵੱਧ ਗਿਆ ਹੈ। ਮੱਧ ਪ੍ਰਦੇਸ਼ ਵੱਲੋਂ ਬ੍ਰਹਮਸਰੋਵਰ 'ਤੇ ਸਥਿਤ ਪੁਰੁਸ਼ੋਤਮ ਪੁਰਾ ਬਾਗ ਵਿੱਚ ਸਭਿਆਚਾਰਕ ਪੈਵੇਲਿਅਨ ਬਣਾਇਆ ਜਾ ਰਿਹਾ ਹੈ। ਜਿੱਥੇ ਮੱਧ ਪ੍ਰਦੇਸ਼ ਦੀ ਸਭਿਆਚਾਰ ਨੂੰ ਜਾਨਣ ਦਾ ਮੌਕਾ ਮਿਲੇਗਾ।

ਉਨ੍ਹਾਂ ਨੇ ਦਸਿਆ ਕਿ 24 ਨਵੰਬਰ ਨੂੰ ਬ੍ਰਹਮਸਰੋਵਰ 'ਤੇ ਗੀਤਾ ਯੱਗ ਅਤੇ ਪੂਜਨ ਦੇ ਨਾਲ ਕੌਮਾਂਤਰੀ ਗੀਤਾ ਮਹੋਤਸਵ ਦਾ ਵਿਧਿਵਤ ਸ਼ੁਰੂਆਤ ਹੋਵੇਗੀ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ ਵਿੱਚ ਤਿੰਨ ਦਿਨਾਂ ਦੇ ਕੌਮਾਂਤਰੀ ਗੀਤਾ ਸੈਮੀਨਾਰਾਂ ਦੀ ਸ਼ੁਰੂਆਤ ਕੀਤੀ ਜਾਵੇਗੀ। ਇਸ ਦੇ ਨਾਲ ਹੀ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਰਾਹੀਂ ਕੌਮਾਂਤਰੀ ਗੀਤਾ ਸੈਮੀਨਾਰ ਵਿੱਚ 16 ਦੇਸ਼ਾਂ ਦੇ 25 ਵਿਦਵਾਨਾਂ ਦੀ ਮੌਜੂਦਗੀ ਰਹੇਗੀ।

ਉਨ੍ਹਾਂ ਨੇ ਕਿਹਾ ਕਿ ਵਿਦੇਸ਼ ਮੰਤਰਾਲੇ ਰਾਹੀਂ 51 ਦੇਸ਼ਾਂ ਵਿੱਚ ਗੀਤਾ ਮਹੋਤਸਵ ਦੇ ਪ੍ਰੋਗਰਾਮ ਵੀ ਆਯੋਜਿਤ ਹੋਣਗੇ, ਜਿਨ੍ਹਾਂ ਦਾ ਲਾਇਵ ਪ੍ਰਸਾਰਣ ਰਹੇਗਾ। ਫਿਜੀ ਅਤੇ ਤ੍ਰਿਨਿਦਾਦ ਐਂਡ ਟੋਬੈਗੋ ਤੋਂ 20 ਪੰਡਿਤ 2 ਦਿਨ ਲਈ ਕੁਰੂਕਸ਼ੇਤਰ ਆ ਰਹੇ ਹਨ, ਜੋ ਕਿ ਮਹੋਤਸਵ ਦੌਰਾਨ ਆਯੋਜਿਤ ਹੋਣ ਵਾਲੇ ਵੱਖ-ਵੱਖ ਪ੍ਰੋਗਰਾਮਾਂ ਵਿੱਚ ਹਿੱਸਾ ਲੈਣਗੇ।

ਮੁੱਖ ਮੰਤਰੀ ਨੇ ਦਸਿਆ ਕਿ 26 ਨਵੰਬਰ ਤੋਂ 30 ਨਵੰਬਰ ਤੱਕ ਪੁਰੁਸ਼ੋਤਮਪੁਰਾ ਬਾਗ ਵਿੱਚ ਪਦਮ ਵਿਭੂਸ਼ਣ ਸਨਮਾਨਿਤ ਰਾਮਭਦਰਾਚਾਰਿਆ ਵੱਲੋਂ ਜੀਓ ਗੀਤਾ ਦੇ ਸਰਪ੍ਰਸਤੀ ਵਿੱਚ ਕਥਾ ਦਾ ਆਯੋਜਨ ਕੀਤਾ ਜਾਵੇਗਾ।

ਨਾਲ ਹੀ 29 ਨਵੰਬਰ ਨੂੰ ਪੁਰੁਸ਼ੋਤਮਪੁਰਾ ਬਾਗ ਵਿੱਚ ਸੰਤ ਸਮੇਲਨ ਦਾ ਆਯੋਜਨ ਹੋਵੇਗਾ, ਜਿਸ ਵਿੱਚ ਦੇਸ਼ ਦੇ ਮੰਨੇ-ਪ੍ਰਮੰਨੇ ਸੰਤ ਮਿਲ ਕੇ ਗੀਤਾ ਅਤੇ ਅਧਿਆਏ ਵਿਸ਼ਾ 'ਤੇ ਚਰਚਾ ਕਰਣਗੇ। 30 ਨਵੰਬਰ ਨੂੰ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸਿਨੇਟ ਹਾਲ ਵਿੱਚ ਅਖਿਲ ਭਾਰਤੀ ਦੇਵਸਥਾਨਮ ਸਮੇਲਨ ਆਯੋਜਿਤ ਕੀਤਾ ਜਾਵੇਗਾ। ਇਸ ਸਮੇਲਨ ਵਿੱਚ ਪੂਰੇ ਭਾਰਤ ਦੀ ਵੱਖ-ਵੱਖ ਸੰਸਥਾਵਾਂ ਦੇ ਪ੍ਰਮੁੱਖਾਂ ਦੀ ਮੌਜੂਦਗੀ ਰਹੇਗੀ।

ਮੁੱਖ ਮੰਤਰੀ ਨੇ ਦਸਿਆ ਕਿ ਮਹੋਤਸਵ ਦੌਰਾਨ ਸੂਚਨਾ ਅਤੇ ਜਨ ਸੰਪਰਕ ਵਿਭਾਗ, ਹਰਿਆਣਾ ਵੱਲੋਂ ਇੱਕ ਯੂ-ਟਿਯੂਬ ਚੈਨਲ ਚਲਾਇਆ ਜਾਵੇਗਾ। ਇਸ ਵਿੱਚ ਵੱਖ-ਵੱਖ ਸ਼ਰਧਾਂਲੂ ਸ਼੍ਰੀਮਦਭਗਵਦ ਗੀਤਾ ਵਿੱਚ ਮੇਰਾ ਪਸੰਦੀਦਾ ਸ਼ਲੋਕ ਅਤੇ ਉਸ ਸ਼ਲੋਕ ਨਾਲ ਉਨ੍ਹਾਂ ਦੇ ਜੀਵਨ ਵਿੱਚ ਆਏ ਬਦਲਾਅ 'ਤੇ ਆਪਣਾ ਤਜਰਬਾ ਸਾਂਝਾ ਕਰਣਗੇ। ਸੱਭ ਤੋਂ ਵੱਧ ਦੇਖੇ ਜਾਣ ਵਾਲੀ ਵੀਡੀਓ ਕਲਿਪ ਨੂੰ ਮਹੋਤਸਵ ਦੇ ਸਮਾਪਨ ਮਸਾਰੋਹ ਵਿੱਚ 1 ਲੱਖ ਰੁਪਏ ਦਾ ਪੁਰਸਕਾਰ ਪ੍ਰਦਾਨ ਕੀਤਾ ਜਾਵੇਗਾ।

ਇਸ ਤੋਂ ਇਲਾਵਾ 15 ਨਵੰਬਰ ਤੋਂ 5 ਦਸੰਬਰ ਤੱਕ ਬ੍ਰਹਮ ਸਰੋਵਰ ਦੇ ਪਵਿੱਤਰ ਕਿਨਾਰੇ 'ਤੇ ਸ਼ਾਨਦਾਰ ਗੀਤਾ ਮਹਾ ਆਰਤੀ ਦਾ ਆਯੋਜਨ ਕੀਤਾ ਜਾਵੇਗਾ। ਨਾਲ ਹੀ 25 ਨਵੰਬਰ ਤੋਂ 1 ਦਸੰਬਰ ਤੱਕ 48 ਕੋਸ ਕੁਰੂਕਸ਼ੇਤਰ ਭੂਮੀ ਦੇ ਤੀਰਥਾਂ 'ਤੇ ਸਭਿਆਚਾਰਕ ਪ੍ਰੋਗਰਾਮਾਂ ਦਾ ਆਯੋਜਨ ਹੋਵੇਗਾ। 1 ਦਸੰਬਰ ਨੂੰ ਜੋਤੀਸਰ ਤੀਰਥ 'ਤੇ ਗੀਤਾ ਯੱਗ, ਗੀਤਾ ਪਾਠ ਅਤੇ ਭਾਗਵਤ ਕਥਾ ਦਾ ਆਯੋਜਨ ਹੋਵੇਗਾ। ਉਸੀ ਦਿਨ ਥੀਮ ਪਾਰਕ, ਕੁਰੂਕਸ਼ੇਤਰ ਵਿੱਚ 18 ਹਜਾਰ ਵਿਦਿਆਰਥੀਆਂ ਵੱਲੋਂ ਗੀਤਾ ਦਾ ਵਿਸ਼ਵ ਪਾਠ ਕੀਤਾ ਜਾਵੇਗਾ। ਇਸ ਵਿੱਚ ਦੇਸ਼-ਵਿਦੇਸ਼ ਤੋਂ ਲੱਖਾਂ ਗੀਤਾ ਪ੍ਰੇਮੀ ਅਤੇ ਸ਼ਰਧਾਲੂ ਆਨਲਾਇਨ ਵੀ ਜੁੜਨਗੇ।

ਉਨ੍ਹਾਂ ਨੇ ਕਿਹਾ ਕਿ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਓਡੀਟੋਰਿਅਮ ਵਿੱਚ 48 ਕੋਸ ਤੀਰਥ ਸਮੇਲਨ ਹੋਵੇਗਾ। ਇਸ ਵਿੱਚ ਕੁਰੂਕਸ਼ੇਤਰ ਭੂਮੀ ਦੇ 182 ਤੀਰਥ ਕਮੇਟੀਆਂ ਦੇ ਪ੍ਰਤੀਨਿਧੀ ਹਿੱਸਾ ਲੈਣਗੇ। 1 ਦਸੰਬਰ ਨੂੰ ਹੀ ਕੁਰੂਕਸ਼ੇਤਰ ਭੂਮੀ ਦੇ ਸਾਰੇ 182 ਤੀਰਥਾਂ 'ਤੇ ਜਿਮੇਵਾਰੀ ਦਾ ਆਯੋਜਨ ਕੀਤਾ ਜਾਵੇਗਾ ਅਤੇ ਗੀਤਾ ਸ਼ੋਭਾਯਾਤਰਾ ਕੱਢੀ ਜਾਵੇਗੀ। ਨਾਲ ਹੀ ਹਰ ਸਾਲ ਦੀ ਤਰ੍ਹਾ ਇਸ ਸਾਲ ਵੀ ਬ੍ਰਹਮ ਸਰੋਵਰ 'ਤੇ 24 ਨਵੰਬਰ ਤੋਂ 1 ਦਸੰਬਰ ਤੱਕ ਗੀਤਾ ਪੁਸਤਕ ਮੇਲੇ ਦਾ ਆਯੋਜਨ ਕੀਤਾ ਜਾਵੇਗਾ। ਮਹੋਤਸਵ ਦੌਰਾਨ ਭਲਾਈਕਾਰੀ ਯੋਜਨਾਵਾਂ ਦੀ ਪ੍ਰਦਰਸ਼ਨੀ, ਕ੍ਰਾਫਟ ਮੇਲਾ, ਫਨ ਫੇਅਰ ਤੇ ਬਲਰਾਮ ਕੁਸ਼ਤੀ ਦੰਗਲ ਦਾ ਆਯੋਜਨ ਵੀ ਕਰਵਾਇਆ ਜਾਵੇਗਾ।੦

ਮੁੱਖ ਮੰਤਰੀ ਨੇ ਦਸਿਆ ਕਿ ਕੌਮਾਂਤਰੀ ਗੀਤਾ ਮਹੋਤਸਵ ਦੇ ਪ੍ਰੋਗਰਾਮ 28 ਨਵੰਬਰ ਤੋਂ ਸਾਰੇ ਜਿਲ੍ਹਾ ਮੁੱਖ ਦਫਤਰਾਂ 'ਤੇ ਸ਼ੁਰੂ ਹੋਣਗੇ ਅਤੇ 1 ਦਸੰਬਰ ਨੂੰ ਸਾਰੇ ਜਿਲ੍ਹਿਆਂ ਦੇ ਮੁੱਖ ਦਫਤਰਾਂ ਵਿੱਚ ਗੀਤਾ ਸ਼ੋਭਾਯਾਤਰਾ ਦਾ ਆਯੋਜਨ ਕੀਤਾ ਜਾਵੇਗਾ। ਨਾਲ ਹੀ 1800 ਵਿਦਿਆਰਥੀਆਂ ਵੱਲੋਂ ਗੀਤਾ ਦਾ ਵਿਸ਼ਵ ਪਾਠ ਕੀਤਾ ਜਾਵੇਗਾ ਅਤੇ ਪਿੰਡ ਪੰਚਾਇਤਾਂ ਵੱਲੋਂ ਆਪਣੇ ਤੀਰਥਾਂ 'ਤੇ ਸ਼ਾਮ ਦੇ ਸਮੇਂ ਨੂੰ ਦੀਪ ਉਤਸਵ ਨਾਲ ਮਨਾਇਆ ਜਾਵੇਗਾ।

ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੌਮਾਂਤਰੀ ਗੀਤਾ ਮਹੋਤਸਵ ਦੇ ਆਯੋਜਨ ਦੇ ਬਾਅਦ ਕੁਰੂਕਸ਼ੇਤਰ ਦੇ ਸਵਰੂਪ ਵਿੱਚ ਵਿਲੱਖਣ ਬਦਲਾਅ ਆਇਆ ਹੈ। ਅੱਜ ਕੁਰੂਕਸ਼ੇਤਰ ਨੇ ਪੂਰੇ ਵਿਸ਼ਵ ਵਿੱਚ ਇੱਕ ਵਿਸ਼ੇਸ਼ ਪਹਿਚਾਣ ਪ੍ਰਾਪਤ ਕੀਤੀ ਹੈ।

ਉਨ੍ਹਾਂ ਨੇ ਕਿਹਾ ਕਿ ਕੁਰੂਕਸ਼ੇਤਰ ਸਾਡੇ ਦੇਸ਼ ਦੇ ਪਵਿੱਤਰ ਤੀਰਥਾਂ ਵਿੱਚੋਂ ਬਹੁਤ ਮਹੱਤਵਪੂਰਨ ਸਥਾਨ ਰੱਖਦਾ ਹੈ। ਹਰਿਆਣਾ ਸਰਕਾਰ ਦੇ ਯਤਨਾਂ ਨਾਲ ਗੀਤਾ ਜੈਯੰਤੀ ਮਹੋਤਸਵ ਨੇ ਹੁਣ ਕੌਮਾਂਤਰੀ ਸਵਰੂਪ ਗ੍ਰਹਿਣ ਕਰ ਲਿਆ ਹੈ। ਇਸ ਦੇ ਨਤੀਜੇਵਜੋ ਦੇਸ਼-ਵਿਦੇਸ਼ ਨਾਲ ਲੱਖਾਂ ਸੈਲਾਨੀ ਕੁਰੂਕਸ਼ੇਤਰ ਆਉਣ ਲੱਗੇ ਹਨ।

# ਜਲੰਧਰ ਨਿਗਮ ਦੀ ਇੰਜੀਨੀਅਰਿੰਗ ਬ੍ਰਾਂਚ 'ਚ ਵੱਡੇ ਪੱਧਰ 'ਤੇ ਹੋ ਰਹੀ ਗੜਬੜੀ

**ਕੌਮੀ ਪਤ੍ਰਿਕਾ**

ਜਲੰਧਰ 7 ਨਵੰਬਰ। ਕੁਝ ਮਹੀਨੇ ਪਹਿਲਾਂ ਸਟੇਟ ਵਿਜੀਲੈਂਸ ਬਿਊਰੋ ਦੀ ਇਕ ਟੀਮ ਨੇ ਜਲੰਧਰ ਨਗਰ ਨਿਗਮ ਵਿਚ ਛਾਪੇਮਾਰੀ ਕਰਕੇ ਬਿਲਡਿੰਗ ਬ੍ਰਾਂਚ ਵਿਚ ਭਾਰੀ ਬੇਨਿਯਮੀਆਂ ਅਤੇ ਗੜਬੜੀਆਂ ਦਾ ਪਰਦਾਫ਼ਾਸ਼ ਕੀਤਾ। ਉਸ ਸਮੇਂ ਕੁਝ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਸੀ ਅਤੇ ਉਹ ਜਾਂਚ ਅੱਜ ਵੀ ਜਾਰੀ ਹੈ। ਵਿਜੀਲੈਂਸ ਦੀ ਕਾਰਵਾਈ ਤੋਂ ਬਾਅਦ ਬਿਲਡਿੰਗ ਬ੍ਰਾਂਚ ਵਿਚ ਕੁਝ ਸਮੇਂ ਲਈ ਠਹਿਰਾਅ ਜ਼ਰੂਰ ਵਿਖਾਈ ਦਿੱਤਾ ਪਰ ਹੁਣ ਨਿਗਮ ਦੀ ਇੰਜੀਨੀਅਰਿੰਗ ਬ੍ਰਾਂਚ ਵਿਚ ਵੱਡੇ ਪੱਧਰ 'ਤੇ ਬੇਨਿਯਮੀਆਂ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ ਹਨ। ਸੂਤਰਾਂ ਅਨੁਸਾਰ ਨਗਰ ਨਿਗਮ ਦੇ ਬੀ. ਐਂਡ ਆਰ. ਅਤੇ ਓ. ਐਂਡ ਐੱਮ. ਸੈੱਲ ਅੰਦਰ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਹੁਣ ਪੰਜਾਬ ਦੇ ਲੋਕਲ ਬਾਡੀਜ਼ ਵਿਭਾਗ, ਚੰਡੀਗੜ੍ਹ ਸਥਿਤ ਉੱਚ ਅਧਿਕਾਰੀਆਂ, ਮੁੱਖ ਮੰਤਰੀ ਦਫ਼ਤਰ ਅਤੇ ਇਥੋਂ ਤੱਕ ਕਿ ਸਟੇਟ ਵਿਜੀਲੈਂਸ ਵਿਭਾਗ ਤੱਕ ਵੀ ਪਹੁੰਚਣੀਆਂ ਸ਼ੁਰੂ ਹੋ ਗਈਆਂ ਹਨ। ਮੰਨਿਆ ਜਾ ਰਿਹਾ ਹੈ ਕਿ ਕੁਝ ਮਹੀਨੇ ਪਹਿਲਾਂ ਵਿਜੀਲੈਂਸ ਵਿਭਾਗ ਵੱਲੋਂ ਬਿਲਡਿੰਗ ਬ੍ਰਾਂਚ ਦੇ ਅਧਿਕਾਰੀਆਂ ਵਿਰੁੱਧ ਕੀਤੀ ਗਈ ਕਾਰਵਾਈ ਵਾਂਗ ਹੀ ਹੁਣ ਬੀ. ਐਂਡ ਆਰ. ਅਤੇ ਓ. ਐਂਡ ਐੱਮ. ਸੈੱਲ ਵਿਚ ਵੀ ਕਾਰਵਾਈ ਦੇਖਣ ਨੂੰ ਮਿਲ ਸਕਦੀ ਹੈ। ਇਸ ਸਮੇਂ ਨਗਰ ਨਿਗਮ ਦੇ ਬੀ. ਐਂਡ ਆਰ. ਅਤੇ ਓ. ਐਂਡ ਐੱਮ. ਸੈੱਲ ਵਿਚ ਸੈਂਕਸ਼ਨ ਅਤੇ ਮੇਨਟੀਨੈਂਸ ਦੇ ਨਾਂ 'ਤੇ ਭਾਰੀ ਗੜਬੜੀ ਚੱਲ ਰਹੀ ਹੈ। ਕੋਟੇਸ਼ਨ-ਆਧਾਰਿਤ ਕੰਮਾਂ ਵਿਚ ਚਹੇਤੇ ਠੇਕੇਦਾਰਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਫਰਜ਼ੀ ਕੋਟੇਸ਼ਨ ਲਾਈਆਂ ਜਾ ਰਹੀਆਂ ਹਨ ਅਤੇ ਠੇਕੇਦਾਰਾਂ ਨੂੰ ਪੂਰੇ ਰੇਟ ਦਿੱਤੇ ਜਾ ਰਹੇ ਹਨ। ਕੰਮਾਂ ਦੀ ਕੋਈ ਜਾਂਚ ਨਹੀਂ ਕੀਤੀ ਜਾ ਰਹੀ, ਅਦਾਇਗੀ ਜਲਦ ਕੀਤੀ ਜਾ ਰਹੀ ਹੈ




ਅਤੇ ਠੇਕੇਦਾਰਾਂ ਨੂੰ ਮਨਮਾਨੇ ਢੰਗ ਨਾਲ ਕੰਮ ਵੰਡੇ ਜਾ ਰਹੇ ਹਨ। ਦੂਜੀ ਵੱਡੀ ਗੜਬੜੀ ਐਸਟੀਮੇਟ ਬਣਾਉਣ ਅਤੇ ਮੇਨਟੀਨੈਂਸ ਦੇ ਕੰਮਾਂ ਵਿਚ ਸਾਹਮਣੇ ਆ ਰਹੀ ਹੈ। ਕਈ ਵਾਰ ਬਿਨਾਂ ਫੀਲਡ ਵਿਜ਼ਿਟ ਕੀਤੇ ਜਾਂ ਸਾਈਟ ਇੰਸਪੈਕਸ਼ਨ ਦੇ ਬਿਨਾਂ ਹੀ ਐਸਟੀਮੇਟ ਤਿਆਰ ਕੀਤੇ ਜਾ ਰਹੇ ਹਨ। ਕੁਝ ਅਜਿਹੇ ਕੰਮਾਂ ਦੇ ਟੈਂਡਰ ਵੀ ਕੱਢੇ ਜਾ ਰਹੇ ਹਨ, ਜਿਨ੍ਹਾਂ ਦੀ ਹਲਕੇ ਵਿਚ ਅਸਲ ਵਿਚ ਜ਼ਰੂਰਤ ਨਹੀਂ ਹੈ। ਠੇਕੇਦਾਰਾਂ ਨੂੰ ਮੇਨਟੀਨੈਂਸ ਵਰਕਸ ਵਿਚ ਗੈਰ-ਜ਼ਰੂਰੀ ਢੰਗ ਨਾਲ ਤਰਜੀਹ ਦਿੱਤੀ ਜਾ ਰਹੀ ਹੈ ਅਤੇ ਕਈ ਵਾਰ ਬਿਨਾਂ ਕੰਮ ਕੀਤੇ ਹੀ ਉਨ੍ਹਾਂ ਦੇ ਬਿੱਲ ਤਿਆਰ ਕਰ ਕੇ ਪਾਸ ਕੀਤੇ ਜਾ ਰਹੇ ਹਨ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਅਧਿਕਾਰੀਆਂ ਅਤੇ ਠੇਕੇਦਾਰਾਂ ਵਿਚਕਾਰ ਨੈਕਸਸ ਹੁਣ ਇੰਨਾ ਮਜ਼ਬੂਤ ??ਹੋ ਚੁੱਕਾ ਹੈ ਕਿ ਬਿਨਾਂ ਥਰਡ ਪਾਰਟੀ ਜਾਂਚ ਦੇ ਹੀ ਬਿੱਲ ਪਾਸ ਹੋ ਰਹੇ ਹਨ ਅਤੇ ਪੇਮੈਂਟਸ ਧੜਾਧੜ ਕੀਤੀਆਂ ਜਾ ਰਹੀਆਂ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਭਾਵੇਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੇ ਲੱਖ ਦਾਅਵੇ ਕਰੇ ਪਰ ਨਗਰ ਨਿਗਮ ਵਿਚ ਕਮੀਸ਼ਨਖੋਰੀ ਦਾ ਸਿਸਟਮ ਅਜੇ ਵੀ ਪੂਰੀ ਤਰ੍ਹਾਂ ਸਰਗਰਮ ਹੈ ਅਤੇ ਠੇਕੇਦਾਰਾਂ ਤੋਂ ਤੈਅ ਕਮੀਸ਼ਨ ਵਸੂਲੀ ਜਾ ਰਹੀ ਹੈ। ਨਗਰ ਨਿਗਮ ਦੇ ਓ. ਐਂਡ ਐੱਮ. ਸੈੱਲ, ਜਿਸ ਅਧੀਨ ਸੀਵਰੇਜ ਅਤੇ ਵਾਟਰ ਸਪਲਾਈ ਸਿਸਟਮ ਦੀ ਜ਼ਿੰਮੇਵਾਰੀ ਆਉਂਦੀ ਹੈ, ਵਿਚ ਵਧਦੀਆਂ ਗੜਬੜੀਆਂ ਨੂੰ ਦੇਖਦੇ ਹੋਏ ਨਵੇਂ ਐੱਸ. ਈ. ਨੇ ਹੁਣ ਸਖ਼ਤੀ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਆਪਣੇ ਸੈੱਲ ਨਾਲ ਸਬੰਧਤ ਸਾਰੇ ਜੇ. ਈ. ਅਤੇ ਐੱਸ. ਡੀ. ਓਜ਼ ਨੂੰ ਚਿੱਠੀ ਲਿਖ ਕੇ ਨਿਰਦੇਸ਼ ਦਿੱਤੇ ਹਨ ਕਿ ਦੋ ਦਿਨਾਂ ਅੰਦਰ ਵਾਟਰ ਸਪਲਾਈ, ਸੀਵਰੇਜ ਅਤੇ ਸਟਰੀਟ ਲਾਈਟ ਨਾਲ ਸਬੰਧਤ ਸਾਰੀਆਂ ਫਾਈਲਾਂ 2 ਦਿਨਾਂ ਅੰਦਰ ਉਨ੍ਹਾਂ ਦੇ ਦਫ਼ਤਰ ਵਿਚ ਪਹੁੰਚਾਉਣ, ਨਹੀਂ ਤਾਂ ਉਨ੍ਹਾਂ ਫਾਈਲਾਂ ਦੇ ਬਿੱਲ ਨਹੀਂ ਬਣਾਏ ਜਾਣਗੇ। ਐੱਸ. ਈ. ਨੇ ਟੈਂਡਰ ਸੈੱਲ ਦੇ ਮੁਖੀ ਨੂੰ ਵੀ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਭਵਿੱਖ ਵਿਚ ਕੋਈ ਵੀ ਫਾਈਲ ਉਨ੍ਹਾਂ ਦੀ ਮਨਜ਼ੂਰੀ ਦੇ ਬਿਨਾਂ ਕਿਸੇ ਜੇ. ਈ. ਜਾਂ ਐੱਸ. ਡੀ. ਓ. ਨੂੰ ਨਾ ਦਿੱਤੀ ਜਾਵੇ। ਇਸੇ ਤਰ੍ਹਾਂ, ਉੱਤਰੀ ਹਲਕੇ ਦੇ ਐਕਸੀਅਨ ਨੇ ਆਪਣੇ ਸਾਰੇ ਜੇ. ਈਜ਼ ਅਤੇ ਐੱਸ. ਡੀ. ਓਜ਼ ਨੂੰ ਚਿੱਠੀ ਲਿਖ ਕੇ ਕਿਹਾ ਕਿ ਇਸ ਹਲਕੇ ਨਾਲ ਸਬੰਧਤ ਵਾਟਰ ਸਪਲਾਈ, ਟਿਊਬਵੈੱਲ ਮੇਨਟੀਨੈਂਸ ਅਤੇ ਸੀਵਰ ਦੇ ਕੰਮਾਂ ਨਾਲ ਸਬੰਧਤ ਸਾਰੀਆਂ ਫਾਈਲਾਂ ਦੋ ਦਿਨਾਂ ਅੰਦਰ ਉਨ੍ਹਾਂ ਦੇ ਦਫਤਰ ਵਿਚ ਜਮ?ਹਾ ਕਰਵਾਉਣ। ਅਜਿਹਾ ਨਾ ਕਰਨ 'ਤੇ ਵਿਭਾਗੀ ਕਾਰਵਾਈ ਲਈ ਰਿਪੋਰਟ ਭੇਜਣ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਨਗਰ ਨਿਗਮ ਦੀ ਇੰਜੀਨੀਅਰਿੰਗ ਸ਼ਾਖਾ 'ਤੇ ਹੁਣ ਇਹ ਦੋਸ਼ ਵੀ ਲੱਗਣ ਲੱਗੇ ਹਨ ਕਿ ਕੁਝ ਅਧਿਕਾਰੀ ਠੇਕੇਦਾਰਾਂ ਨਾਲ ਮਿਲ ਕੇ ਇਕ ਹੀ ਕੰਮ ਦੀਆਂ ਦੋ-ਦੋ ਪੇਮੈਂਟਸ ਕਰਵਾ ਰਹੇ ਹਨ। ਕਈ ਵਾਰ ਅਜਿਹੇ ਕੰਮਾਂ ਦੇ ਬਿੱਲ ਵੀ ਪਾਸ ਕਰ ਦਿੱਤੇ ਗਏ ਹਨ, ਜੋ ਅਸਲ ਵਿਚ ਹੋਏ ਹੀ ਨਹੀਂ। ਉਦਾਹਰਣ ਵਜੋਂ, ਜਦੋਂ ਬੀ. ਐਂਡ ਆਰ. ਬ੍ਰਾਂਚ ਕਿਸੇ ਨਵੀਂ ਸੜਕ ਦਾ ਨਿਰਮਾਣ ਕਰਦੇ ਹੋਏ ਸੀਵਰ ਚੈਂਬਰ ਦੇ ਢੱਕਣ ਉੱਚੇ ਕਰਦੀ ਹੈ, ਤਾਂ ਉਹੀ ਕੰਮ ਓ. ਐਂਡ ਐੱਮ. ਸੈੱਲ ਵੀ ਆਪਣੇ ਪੱਧਰ 'ਤੇ ਕਰਵਾ ਕੇ ਉਸ ਦਾ ਵੱਖ ਤੋਂ ਬਿੱਲ ਤਿਆਰ ਕਰਵਾ ਦਿੰਦਾ ਹੈ।

## ਪੰਜਾਬ ਦੀਆਂ ਕਿੰਨ੍ਹਾਂ ਔਰਤਾਂ ਨੂੰ ਮਿਲਣਗੇ 1000-1000 ਰੁਪਏ? ਸਕੀਮ ਦੀਆਂ ਸ਼ਰਤਾਂ ਬਾਰੇ ਮੰਤਰੀ ਦਾ ਵੱਡਾ ਬਿਆਨ

ਚੰਡੀਗੜ੍ਹ/ਜਲੰਧਰ 7 ਨਵੰਬਰ। ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਦੀ ਵਿੱਤੀ ਸਹਾਇਤਾ ਬਿਨਾਂ ਕਿਸੇ ਭੇਦਭਾਵ ਦੇ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਆਉਣ ਵਾਲੇ ਵਿਧਾਨ ਸਭਾ ਸੈਸ਼ਨ ਤੋਂ ਬਾਅਦ ਇਹ ਸਕੀਮ ਸ਼ੁਰੂ ਕਰ ਦਿੱਤੀ ਜਾਵੇਗੀ। ਦਰਅਸਲ, ਡਾ. ਬਲਜੀਤ ਕੌਰ ਹਰਿਆਣਾ ਸਰਕਾਰ ਦੀ 'ਲਾਡੋ ਲਕਸ਼ਮੀ' ਯੋਜਨਾ 'ਤੇ ਆਪਣਾ ਪ੍ਰਤੀਕਰਮ ਦੇ ਰਹੇ ਸਨ। ਇਸ ਬਾਰੇ ਬੋਲਦਿਆਂ



ਉਨ੍ਹਾਂ ਕਿਹਾ ਕਿ ਇਹ ਯੋਜਨਾ ਮਹਿਲਾਵਾਂ ਨਾਲ ਵੱਡਾ ਧੋਖਾ ਸਾਬਿਤ ਹੋਈ ਹੈ। ਹਰਿਆਣਾ ਦੀ ਕੁੱਲ 1.40 ਕਰੋੜ ਮਹਿਲਾ ਆਬਾਦੀ 'ਚੋਂ ਸਿਰਫ਼ 5 ਲੱਖ ਔਰਤਾਂ, ਭਾਵ ਕੇਵਲ 3.73 ਫੀਸਦੀ ਨੂੰ ਹੀ ਪਹਿਲੀ ਕਿਸ਼ਤ ਜਾਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਬਾਕੀ 96 ਫੀਸਦੀ ਤੋਂ ਵੱਧ ਔਰਤਾਂ ਨੂੰ ਇਸ ਯੋਜਨਾ ਤੋਂ ਬਾਹਰ ਰੱਖਣਾ ਉਨ੍ਹਾਂ ਨਾਲ ਸਰਾਸਰ ਬੇਇਨਸਾਫ਼ੀ ਹੈ। ਇਹ ਨੀਤੀ ਸਪੱਸ਼ਟ ਤੌਰ 'ਤੇ ਪੱਖਪਾਤੀ ਹੈ ਤੇ ਮਹਿਲਾ ਸਸ਼ਕਤੀਕਰਨ ਦੀ ਅਸਲ ਭਾਵਨਾ ਦੇ ਵਿਰੁੱਧ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਯੋਜਨਾ 'ਚ ਅਜਿਹੀਆਂ ਸਖ਼ਤ ਸ਼ਰਤਾਂ ਲਗਾਈਆਂ ਗਈਆਂ ਹਨ ਕਿ ਜ਼ਿਆਦਾਤਰ ਮਹਿਲਾਵਾਂ ਆਪਣੇ-ਆਪ ਹੀ ਇਸ ਦੇ ਘੇਰੇ ਤੋਂ ਬਾਹਰ ਹੋ ਗਈਆਂ। ਸਾਲਾਨਾ ਆਮਦਨ ਇਕ ਲੱਖ ਤੋਂ ਘੱਟ, ਉਮਰ 23 ਸਾਲ ਤੋਂ ਵੱਧ, ਜੇਕਰ ਮਹਿਲਾ ਦਾ ਪਤੀ ਕਿਸੇ ਹੋਰ ਰਾਜ ਦਾ ਹੋਵੇ ਜਾਂ ਘਰ 'ਚ ਕੋਈ ਪਹਿਲਾਂ ਤੋਂ ਹੀ ਪੈਨਸ਼ਨ ਲੈ ਰਿਹਾ ਹੋਵੇ ਤਾਂ ਉਹ ਔਰਤ ਇਸ ਸਕੀਮ ਅਧੀਨ ਕਵਰ ਨਹੀਂ ਹੋਵੇਗੀ। ਅਜਿਹੀਆਂ ਸ਼ਰਤਾਂ ਨੇ ਗਰੀਬ ਘਰ ਦੀਆਂ ਕੁੜੀਆਂ, ਨਵੀਆਂ ਵਿਆਹੀਆਂ ਮਹਿਲਾਵਾਂ, ਵਿਧਵਾਵਾਂ ਤੇ ਕਾਲਜ ਜਾਣ ਵਾਲੀਆਂ ਲੜਕੀਆਂ ਨੂੰ ਪੂਰੀ ਤਰ੍ਹਾਂ ਇਸ ਸਕੀਮ ਤੋਂ ਬਾਹਰ ਕਰ ਦਿੱਤਾ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਜਲਦੀ ਹੀ ਆਉਣ ਵਾਲੇ ਵਿਧਾਨ ਸਭਾ ਸੈਸ਼ਨ ਤੋਂ ਬਾਅਦ ਬਿਨਾਂ ਕਿਸੇ ਭੇਦਭਾਵ ਦੇ ਰਾਜ ਭਰ ਦੀਆਂ ਸਾਰੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਵਿੱਤੀ ਸਹਾਇਤਾ ਪ੍ਰਦਾਨ ਕਰਨਾ ਸ਼ੁਰੂ ਕਰੇਗੀ। ਇਹ ਪਹਿਲਕਦਮੀ ਪੰਜਾਬ ਦੀ ਹਰ ਔਰਤ ਦੇ ਆਰਥਿਕ ਸਸ਼ਕਤੀਕਰਨ ਅਤੇ ਆਤਮ ਨਿਰਭਰਤਾ ਵੱਲ ਇੱਕ ਇਤਿਹਾਸਕ ਕਦਮ ਹੋਵੇਗੀ।

## ਅਦਾਲਤ ਕੰਪਲੈਕਸ 'ਚੋਂ ਪਰਸ ਚੋਰੀ ਕਰ ਕੇ ਭੱਜ ਰਿਹਾ ਜੇਬਕਤਰਾ ਕਾਬੂ

ਲੁਧਿਆਣਾ 7 ਨਵੰਬਰ। ਅਦਾਲਤ ਕੰਪਲੈਕਸ ਵਿਚ ਲਿਫਟ ਦੇ ਨੇੜੇ ਇਕ ਵਿਅਕਤੀ ਤੋਂ ਪਰਸ ਚੋਰੀ ਕਰਨ ਵਾਲੇ ਇਕ ਜੇਬਕਤਰੇ ਨੂੰ ਪੀੜਤ ਨੇ ਰਾਹਗੀਰਾਂ ਦੀ ਮਦਦ ਨਾਲ ਫੜ ਲਿਆ ਅਤੇ ਸਥਾਨਕ ਪੁਲਸ ਦੇ ਹਵਾਲੇ ਕਰ ਦਿੱਤਾ। ਮੁਲਜ਼ਮ ਦੀ ਪਛਾਣ ਸੁਰਿੰਦਰ ਸਿੰਘ, ਵਾਸੀ ਬਰੇਟਾ ਰੋਡ, ਸ਼ਿਮਲਾਪੁਰੀ ਵਜੋਂ ਹੋਈ ਹੈ। ਸ਼ਿਕਾਇਤਕਰਤਾ ਬੂਟਾ ਸਿੰਘ, ਵਾਸੀ ਕਿਲਾ ਮੁਹੱਲਾ, ਨੇ ਦੱਸਿਆ ਕਿ ਉਹ ਆਪਣੇ ਪੁੱਤਰ ਦੀ ਜ਼ਮਾਨਤ ਸਬੰਧੀ ਵਕੀਲ ਨੂੰ ਮਿਲਣ ਲਈ ਅਦਾਲਤ ਕੰਪਲੈਕਸ ਗਿਆ ਸੀ। ਜਦੋਂ ਉਹ ਲਿਫਟ ਰਾਹੀਂ ਪੰਜਵੀਂ ਮੰਜ਼ਿਲ 'ਤੇ ਚੜ੍ਹ ਰਿਹਾ ਸੀ, ਤਾਂ ਮੁਲਜ਼ਮ ਨੇ ਭੀੜ ਦਾ ਫਾਇਦਾ ਉਠਾਉਂਦੇ ਹੋਏ ਉਸ ਦੀ ਜੇਬ ਵਿਚੋਂ ਉਸ ਦਾ ਪਰਸ ਖੋਹ ਲਿਆ। ਜਦੋਂ ਉਸ ਨੂੰ ਇਸ ਗੱਲ ਦਾ ਅਹਿਸਾਸ ਹੋਇਆ, ਤਾਂ ਉਸ ਨੇ ਰਾਹਗੀਰਾਂ ਦੀ ਮਦਦ ਨਾਲ ਦੋਸ਼ੀ ਨੂੰ ਫੜ ਲਿਆ ਅਤੇ ਉਸ ਨੂੰ ਅਦਾਲਤ ਕੰਪਲੈਕਸ ਪੁਲਸ ਦੇ ਹਵਾਲੇ ਕਰ ਦਿੱਤਾ। ਅਦਾਲਤ ਕੰਪਲੈਕਸ ਚੌਕੀ ਦੇ ਇੰਚਾਰਜ ਧਰਮਵੀਰ ਸਿੰਘ ਨੇ ਦੱਸਿਆ ਕਿ ਗ੍ਰਿਫ਼ਤਾਰ ਦੋਸ਼ੀ ਸੁਰਿੰਦਰ ਵਿਰੁੱਧ ਹੋਰ ਥਾਣਿਆਂ ਵਿਚ ਜੇਬਕਤਰੀ ਦੇ ਤਿੰਨ ਜਾਂ ਚਾਰ ਮਾਮਲੇ ਦਰਜ ਹਨ। ਸੁਰਿੰਦਰ ਹਰ 20-25 ਦਿਨਾਂ ਬਾਅਦ ਭੀੜ ਵਾਲੇ ਅਦਾਲਤ ਕੰਪਲੈਕਸ ਦਾ ਫਾਇਦਾ ਉਠਾ ਕੇ ਲੋਕਾਂ ਦੀਆਂ ਜੇਬਾਂ ਚੋਂ ਚੋਰੀ ਕਰਦਾ ਹੈ। ਪੁਲਸ ਨੇ ਸੁਰਿੰਦਰ, ਜੋ ਕਿ ਇਕ ਜੇਬਕਤਰਾ ਸੀ, ਤੋਂ 9,620 ਰੁਪਏ ਬਰਾਮਦ ਕੀਤੇ। ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ ਵਿਰੁੱਧ ਕੇਸ ਦਰਜ ਕੀਤਾ ਗਿਆ। ਉਸ ਨੂੰ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ 'ਤੇ ਲਿਆ ਗਿਆ। ਰਿਮਾਂਡ ਦੌਰਾਨ ਇਹ ਪਤਾ ਲੱਗੇਗਾ ਕਿ ਦੋਸ਼ੀ ਨੇ ਅਦਾਲਤ ਦੇ ਅੰਦਰ ਕਿੰਨੇ ਅਪਰਾਧ ਕੀਤੇ ਹਨ।

## ਪੰਜਾਬ 'ਚ ਕਬੱਡੀ ਖਿਡਾਰੀ ਦਾ ਕਤਲ ਕਰਨ ਦੇ ਮਾਮਲੇ 'ਚ ਨਵਾਂ ਮੋੜ !

ਲੁਧਿਆਣਾ 7 ਨਵੰਬਰ। ਲੁਧਿਆਣਾ ਦੇ ਸਮਰਾਲਾ ਵਿਚ ਕਬੱਡੀ ਖਿਡਾਰੀ ਗੁਰਵਿੰਦਰ ਸਿੰਘ ਦੇ ਕਤਲ ਮਾਮਲੇ ਵਿਚ ਨਵਾਂ ਮੋੜ ਆ ਗਿਆ ਹੈ। ਇਹ ਕਤਲ ਗੈਂਗਸਟਰ ਲਾਰੇਂਸ ਗੈਂਗ ਨੇ ਕਰਵਾਇਆ ਹੈ। ਕਤਲ ਦੇ ਦੂਜੇ ਦਿਨ ਲਾਰੇਂਸ ਗੈਂਗ ਨੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਇਸ ਸਬੰਧ ਵਿਚ ਗੈਂਗ ਨੇ ਸੋਸ਼ਲ ਮੀਡੀਆ 'ਤੇ ਪੋਸਟ ਸ਼ੇਅਰ ਕੀਤੀ ਹੈ। ਪੋਸਟ ਵਿਚ ਗਿਰੋਹ ਨੇ ਲਿਖਿਆ ਕਿ ਇਹ ਸਾਡੇ ਦੁਸ਼ਮਣਾਂ ਦਾ ਲਾਥ ਦੇ ਰਹੇ ਸਨ। ਇਸ ਦੇ ਇਲਾਵਾ ਇਹ ਵੀ ਧਮਕੀ ਦਿੱਤੀ ਕਿ ਜੋ ਵੀ ਸਾਡੇ ਦੁਸ਼ਮਣਾਂ ਦਾ ਸਾਥ ਦੇ ਰਹੇ ਹਨ, ਉਸ ਨੂੰ ਛਾਤੀ ਵਿੱਚ ਗੋਲ?ੀ ਮਾਰ ਦੇਣਗੇ। ਅਜਿਹੇ ਲੋਕਾਂ ਨੂੰ ਆਪਣੇ ਆਪ ਪਿੱਛੇ ਹਟ ਜਾਣਾ ਚਾਹੀਦਾ ਹੈ, ਨਹੀਂ ਤਾਂ ਅਸੀਂ ਜਾਣਦੇ ਹਾਂ ਕਿ ਉਨ੍ਹਾਂ ਨੂੰ ਕਿਵੇਂ ਹਟਾਉਣਾ ਹੈ। ਮਾਨਕੀ ਸਮਰਾਲਾ 'ਚ ਜੋ ਕਤਲ ਹੋਇਆ ਹੈ, ਉਸ ਦੀ ਜ਼ਿੰਮੇਵਾਰੀ ਹੈਰੀ ਬਾਕਸਰ ਅਤੇ ਆਰਜ਼ੂ ਬਿਸ਼ਨੋਈ ਲਾਰੇਂਸ ਬਿਸ਼ਨੋਈ ਗਰੁੱਪ ਲੈਂਦੇ ਹਨ। ਇਹ ਕਤਲ ਸਾਡੇ ਭਰਾ ਕਰਨ ਮਦਪੁਰ ਅਤੇ ਤੇਜੀ ਚਕ ਨੇ ਕੀਤਾ ਹੈ। ਬੱਬੂ ਸਮਰਾਲਾ ਉਸ ਦੇ ਨਾਲ ਵਾਲੇ, ਜੋ ਸਾਡੇ ਦੁਸ਼ਮਣ ਦਾ ਸਾਥ ਦੇ ਰਹੇ ਹਨ, ਕੰਨ ਖੋਲ੍ਹ ਕੇ ਸੁਣ ਲਵੋ, ਤੁਹਾਡੇ ਵਿਚੋਂ ਜਿਹੜਾ ਵੀ ਮਿਲ ਗਿਆ, ਉਸ ਦਾ ਇਹੀ ਹਾਲ ਕਰਾਂਗੇ। ਇਹ ਲਈ ਚਿਤਾਵਨੀ ਸਾਰਿਆਂ ਲਈ ਹੈ ਜੋ ਸਾਡੇ ਦੁਸ਼ਮਣਾਂ ਦਾ ਸਾਥ ਦੇ ਰਹੇ ਹਨ। ਜਾਂ ਤਾਂ ਆਪਣੇ ਤਰੀਕੇ ਸੁਧਾਰ ਜਾਓ ਜਾਂ ਤਿਆਰ ਹੋ ਜਾਓ, ਅਗਲੀ ਗੋਲ?ੀ ਤੁਹਾਡੀ ਛਾਤੀ ਵਿੱਚ ਵੱਜੇਗੀ। ਅਸੀਂ ਸਾਰਿਆਂ 'ਤੇ ਨਜ਼ਰ ਰੱਖ ਰਹੇ ਹਾਂ। ਅਸੀਂ ਸਾਰਿਆਂ ਨੂੰ ਜਾਣਦੇ ਹਾਂ। ਕੌਣ ਕਿਸ ਦੀ ਮਦਦ ਕਰ ਰਿਹਾ ਹੈ। ਸਭ ਤੋਂ ਵਧੀਆ ਹੋਵੇਗਾ ਜੇਕਰ ਤੁਸੀਂ ਖ਼ੁਦ ਪਿੱਛੇ ਹਟ ਜਾਓ, ਨਹੀਂ ਤਾਂ ਅਸੀਂ ਜਾਣਦੇ ਹਾਂ ਕਿ ਉਨ੍ਹਾਂ ਨੂੰ ਕਿਵੇਂ ਹਟਾਉਣਾ ਹੈ। ਪੋਸਟ ਦੇ ਅਖੀਰ ਵਿਚ ਗੈਂਗਸਟਰਾਂ ਦੇ ਨਾਮ ਪੋਸਟ ਦੇ ਨਾਂ ਲਿਖੇ ਹੋਏ ਹਨ। ਸੋਮਵਾਰ ਦੇਰ ਰਾਤ ਤਿੰਨ ਦੋਸਤ ਨਗਰ ਕੀਰਤਨ ਲਈ ਪਿੰਡ ਦੇ ਪੁਲ 'ਤੇ ਸੜਕ ਦੀ ਸਫ਼ਾਈ ਕਰ ਰਹੇ ਸਨ। ਅਚਾਨਕ ਚਾਰ ਨਕਾਬਪੋਸ਼ ਵਿਅਕਤੀ ਆਏ ਅਤੇ ਗੋਲ?ੀਆਂ ਚਲਾ ਦਿੱਤੀਆਂ। ਗੁਰਵਿੰਦਰ ਦੇ ਪੇਟ ਵਿੱਚ ਗੋਲੀ ਲੱਗੀ, ਜਦਕਿ ਉਸ ਦੇ ਸਾਥੀ ਧਰਮਪਾਲ ਨੂੰ ਵੀ ਗੋਲ?ੀ ਲੱਗੀ। ਉਨ੍ਹਾਂ ਨੂੰ ਸਮਰਾਲਾ ਸਿਵਲ ਹਸਪਤਾਲ ਲਿਜਾਇਆ ਗਿਆ ਅਤੇ ਉਨ੍ਹਾਂ ਦੀ ਗੰਭੀਰ ਹਾਲਤ ਨੂੰ ਵੇਖਦੇ ਹੋਏ ਪੀ. ਜੀ. ਆਈ. ਰੈਫਰ ਕਰ ਦਿੱਤਾ ਗਿਆ। ਗੁਰਵਿੰਦਰ ਦੀ ਰਸਤੇ ਵਿੱਚ ਹੀ ਮੌਤ ਹੋ ਗਈ। ਧਰਮਪਾਲ ਨੂੰ ਪੀ. ਜੀ. ਆਈ. ਚੰਡੀਗੜ੍ਹ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

## ਪੰਜਾਬ 'ਚ ਭਲਕੇ ਬਿਜਲੀ ਰਹੇਗੀ ਬੰਦ, ਇਹ ਇਲਾਕੇ ਹੋਣਗੇ ਪ੍ਰਭਾਵਿਤ

**ਕੌਮੀ ਪਤ੍ਰਿਕਾ**

ਕਾਦੀਆਂ,ਟਾਂਡਾ ਉੜਮੁੜ, ਪਟਿਆਲਾ/ਸਨੌਰ, ਗੜ੍ਹਦੀਵਾਲਾ7 ਨਵੰਬਰ। ਪੰਜਾਬ ਦੇ ਕਈ ਇਲਾਕਿਆਂ ਵਿਚ ਅੱਜ ਲੰਮਾ ਪਾਵਰ ਕੱਟ ਲੱਗਣ ਜਾ ਰਿਹਾ ਹੈ। ਪੰਜਾਬ ਬਿਜਲੀ ਵਿਭਾਗ ਵੱਲੋਂ ਗਰਮੀ ਦੇ ਸੀਜ਼ਨ ਦੇ ਮੱਦੇਨਜ਼ਰ ਜ਼ਰੂਰੀ ਮੁਰੰਮਤ ਅਤੇ ਮੇਨਟੀਨੈਂਸ ਕਾਰਨ ਕਈ ਥਾਈਂ ਬਿਜਲੀ ਬੰਦ ਰੱਖੀ ਜਾਵੇਗੀ, ਜਿਸ ਬਾਰੇ ਸ਼ਹਿਰਾਂ ਵਿਚ ਅਗਾਊਂ ਸੂਚਨਾ ਵੀ ਦਿੱਤੀ ਗਈ ਹੈ। ਇਸ ਸਬੰਧੀ ਵਿਭਾਗ ਵੱਲੋਂ ਵੱਖ-ਵੱਖ ਸ਼ਹਿਰਾਂ ਬਾਰੇ ਦਿੱਤੇ ਗਏ ਵੇਰਵੇ ਹੇਠਾਂ ਮੁਤਾਬਕ ਹਨ- ਪੰਜਾਬ ਰਾਜ ਬਿਜਲੀ ਬੋਰਡ ਸਬ ਡਵੀਜ਼ਨ ਕਾਦੀਆਂ ਦੇ ਐਸ.ਡੀ.ਓ. ਸ਼ਿਵਦੇਵ ਸਿੰਘ ਨੇ ਦੱਸਿਆ ਕਿ 66 ਕੇ.ਵੀ ਲਾਈਨ ਵਡਾਲਾ ਗ੍ਰੰਥੀਆਂ ਦੀ ਜ਼ਰੂਰੀ ਮੁਰੰਮਤ ਕਾਰਨ ਕਾਦੀਆਂ ਵਿੱਚ ਬਿਜਲੀ ਸਪਲਾਈ 7 ਨਵੰਬਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ। ਮੁਰੰਮਤ ਕਾਰਜ ਦੌਰਾਨ ਬਿਜਲੀ ਘਰ ਕਾਦੀਆਂ ਤੋਂ ਚੱਲਣ ਵਾਲੇ ਸਾਰੇ 11 ਕੇ.ਵੀ ਫੀਡਰ ਬੰਦ ਰਹਿਣਗੇ। ਟਾਂਡਾ ਉੜਮੁੜ(ਮੋਮੀ)-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਅਧੀਨ ਚੱਲ ਰਹੇ 66 ਕੇ.ਵੀ. ਬਿਜਲੀ ਘਰ ਖੁਣ ਖੁਣ ਕਲਾਂ ਦੀ ਜ਼ਰੂਰੀ ਮੁਰੰਮਤ ਕਾਰਨ 7 ਨਵੰਬਰ ਨੂੰ ਇਸ ਬਿਜਲੀ ਘਰ ਤੋਂ ਚਲਦੇ ਵੱਖ-ਵੱਖ ਪਿੰਡਾਂ ਦੀ ਬਿਜਲੀ ਸਪਲਾਈ ਬੰਦ ਰਹੇਗੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਹਾਇਕ ਕਾਰਜਕਾਰੀ ਇੰਜੀਨੀਅਰ ਸਬ ਅਰਬਨ ਟਾਂਡਾ ਸੁਖਵੰਤ ਸਿੰਘ ਨੇ



ਦੱਸਿਆ ਕਿ ਜ਼ਰੂਰੀ ਮੁਰੰਮਤ ਕਾਰਨ 7 ਨਵੰਬਰ ਨੂੰ ਬਿਜਲੀ ਘਰ ਖੁਣ ਖੁਣ ਕਲਾਂ ਤੋਂ ਚਲਦੇ ਸਾਰੇ ਹੀ ਪਿੰਡਾਂ ਦੀ ਬਿਜਲੀ ਸਪਲਾਈ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਬੰਦ ਰਹੇਗੀ। ਪਟਿਆਲਾ/ਸਨੌਰ (ਜੋਸਨ) : ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸਹਾਇਕ ਕਾਰਜਕਾਰੀ ਇੰਜੀਨੀਅਰ ਉਪ ਮੰਡਲ ਸਨੌਰ ਨੇ ਦੱਸਿਆ ਕਿ 66 ਕੇ.ਵੀ. ਗਰਿੱਡ ਸਨੌਰ ਤੋਂ ਚਲਦੇ ਨਾਨਕਸਰ ਫੀਡਰ ਅਤੇ ਘਲੋੜੀ ਫੀਡਰ ਦੀ 7 ਨਵੰਬਰ ਨੂੰ ਜ਼ਰੂਰੀ ਮੁਰੰਮਤ ਕਰਨ ਕਰ ਕੇ ਇਸ ਫੀਡਰ ਅਧੀਨ ਸਨੌਰ ਦਾ ਏਰੀਆ ਚੀਮਾ ਕਾਲੋਨੀ, ਰਾਈ ਮਾਜਰਾ, ਘਲੋੜੀ, ਗੋਪਾਲ ਕਾਲੋਨੀ, ਸਨੀ ਐਨਕਲੇਵ, ਸੰਤ ਹਜ਼ਾਰਾ ਸਿੰਘ ਨਗਰ, ਊਧਮ ਸਿੰਘ ਕਾਲੋਨੀ, ਜੋੜੀਆਂ ਸੜਕਾਂ, ਚੀਕਾ ਰੋਡ, ਸੰਧੂ ਫਾਰਮ ਆਦਿ ਬਿਜਲੀ ਦੀ ਸਪਲਾਈ ਸਵੇਰੇ 10 ਤੋਂ ਸ਼ਾਮ 4 ਵਜੇ ਤੱਕ ਬੰਦ ਰਹੇਗੀ। ਗੜ੍ਹਦੀਵਾਲਾ (ਭੱਟੀ)-ਸਹਾਇਕ ਕਾਰਜਕਾਰੀ ਇੰਜੀਨੀਅਰ ਦਰਸ਼ਵੀਰ ਸਿੰਘ ਪੀ.ਐਸ.ਪੀ.ਸੀ.ਐਲ ਸਬ ਡਵੀਜਨ ਗੜ੍ਹਦੀਵਾਲਾ ਵੱਲੋਂ ਪ੍ਰੈੱਸ ਨੋਟ ਜਾਰੀ ਕਰਦੇ ਦੱਸਿਆ ਕਿ 66 ਕੇ. ਵੀ. ਸਬ ਸਟੇਸ਼ਨ ਖੁਣ-ਖੁਣ ਕਲਾ ਦੀ ਜਰੂਰੀ ਮੁਰੰਮਤ ਦੌਰਾਨ ਇਸ ਸਬ ਸਟੇਸ਼ਨ ਤੋ ਚਲਦੇ ਖਾਨਪੁਰ ਯੂ. ਪੀ. ਐਸ. ਫੀਡਰ,ਧੁੱਗਾ-2 ਏ. ਪੀ., ਦਵਾਖਰੀ ਏ. ਪੀ. ਅਤੇ ਜੱਕੋਵਾਲ ਦੀ ਬਰਾਂਚ ਦੀ ਸਪਲਾਈ 7 ਨਵੰਬਰ ਨੂੰ ਸਵੇਰੇ 10 ਵਜੇ ਤੋ ਸ਼ਾਮ 3 ਵਜੇ ਤੱਕ ਬੰਦ ਰਹੇਗੀ । ਜਿਸ ਨਾਲ ਧੁੱਗਾ ਕਲਾ,ਖਾਨਪੁਰ, ਚੱਤੋਵਾਲ,ਦੇਹਰੀਵਾਲ ,ਸੇਖੂਪੁਰ ਕਲਾ,ਭੱਟੀਆ, ਅੰਬਾਲਾ ਜੱਟਾ, ਅਲੱੜ ਪਿੰਡ ਜੋਹਲਾ, ਦਵਾਖਰੀ,ਕੂਮਪੁਰ ,ਨੰਗਲ ਦਾਤਾ, ਕਾਲਾ ਝਿੰਗੜ, ਤੂਰਾ ਆਦਿ ਪਿੰਡਾ ਦੀ ਸਪਲਾਈ ਬੰਦ ਰਹੇਗੀ ।

## ਪੰਜਾਬ ਤੋਂ ਰਾਜ ਸਭਾ ਮੈਂਬਰ ਦੇ ਪੁੱਤਰ ਨਾਲ ਵਾਪਰਿਆ ਵੱਡਾ ਹਾਦਸਾ

ਪਟਿਆਲਾ/ਰਾਜਪੁਰਾ 7 ਨਵੰਬਰ। ਪੰਜਾਬ ਤੋਂ ਰਾਜ ਸਭਾ ਮੈਂਬਰ ਅਤੇ ਦੇਸ਼ ਦੇ ਪ੍ਰਸਿੱਧ ਉਦਯੋਗਿਕ ਸਮੂਹ, ਟ?ਰਾਈਡੈਂਟ ਗਰੁੱਪ ਦੇ ਮੁਖੀ ਰਜਿੰਦਰ ਗੁਪਤਾ ਦੇ ਪੁੱਤਰ ਅਭਿਸ਼ੇਕ ਗੁਪਤਾ ਦੀ ਕਾਰ ਨਾਲ ਭਿਆਨਕ ਹਾਦਸਾ ਵਾਪਰ ਗਿਆ। ਇਹ ਹਾਦਸੇ ਮੰਗਲਵਾਰ ਦੇਰ ਰਾਤ ਰਾਜਪੁਰਾ ਜੀ. ਟੀ. ਰੋਡ 'ਤੇ ਵਾਪਰਿਆ। ਇਥੇ ਚੰਗੀ ਗੱਲ ਇਹ ਰਹੀ ਕਿ ਅਭਿਸ਼ੇਕ ਗੁਪਤਾ ਅਤੇ ਕਾਰ ਵਿਚ ਸਵਾਰ ਸਾਰੇ ਲੋਕ ਪੂਰੀ ਤਰ੍ਹਾਂ ਸੁਰੱਖਿਅਤ ਹਨ। ਮਿਲੀ ਜਾਣਕਾਰੀ ਅਨੁਸਾਰ ਅਭਿਸ਼ੇਕ ਗੁਪਤਾ ਆਪਣੀ ਲੈਕਸਸ *✓570 ਕਾਰ ਵਿਚ ਦਿੱਲੀ ਤੋਂ ਵਾਪਸ ਆ ਰਹੇ ਸੀ। ਇਸ ਦੌਰਾਨ ਜਦੋਂ ਉਨ੍ਹਾਂ ਦੀ ਕਾਰ ਰਾਜਪੁਰਾ ਜੀਟੀ ਰੋਡ 'ਤੇ ਸੀ ਤਾਂ ਪਿੱਛੇ ਆ ਰਹੀ ਇਕ ਹੋਰ ਗੱਡੀ ਨੇ ਉਨ੍ਹਾਂ ਦੀ ਕਾਰ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ।

## ਨਵਜੰਮੇ ਬੱਚੇ ਨੂੰ ਕੰਢਿਆਂ 'ਚ ਸੁੱਟਣ ਦੇ ਮਾਮਲੇ 'ਚ ਨਵਾਂ ਮੋੜ, ਮਾਪਿਆਂ ਦੀ ਹੋਈ ਪਛਾਣ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 7 ਨਵੰਬਰ। ਤਰਨਤਾਰਨ ਰੋਡ 'ਤੇ ਭਾਈ ਮੰਝਪੁਰ ਇਲਾਕੇ ਅਧੀਨ ਆਉਂਦੇ ਕੋਟ ਮੀਤ ਸਿੰਘ ਇਲਾਕੇ 'ਚ ਕੰਡਿਆਂ ਵਿਚਕਾਰ ਮਿਲੇ ਨਵਜੰਮੇ ਬੱਚੇ ਦੇ ਮਾਮਲੇ 'ਚ ਨਵਾਂ ਮੋੜ ਆ ਗਿਆ ਹੈ। ਮੌਤ ਦੇ ਸ਼ਿਕੰਜੇ 'ਚੋਂ ਬਾਹਰ ਆਏ ਨਵਜੰਮੇ ਬੱਚੇ ਦੀ ਮਾਂ ਦੀ ਪਛਾਣ ਕੋਟ ਮੀਤ ਸਿੰਘ ਦੀ ਰਹਿਣ ਵਾਲੀ ਅਮਨਦੀਪ ਕੌਰ ਅਤੇ ਪਿਤਾ ਸੁਖਵਿੰਦਰ ਸਿੰਘ ਵਜੋਂ ਹੋਈ ਹੈ। ਉਥੇ ਹੀ ਉਕਤ ਬੱਚੇ ਨੂੰ ਬਚਾਉਣ ਵਾਲੀ ਔਰਤ ਪਰਮਜੀਤ ਕੌਰ ਨੇ ਇਸ ਘਿਨੌਣੇ ਅਤੇ ਸ਼ਰਮਨਾਕ ਕੰਮ ਨੂੰ ਅੰਜਾਮ ਦੇਣ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਅਤੇ ਇਹ ਵੀ ਕਿਹਾ ਕਿ ਉਹ ਨਵਜੰਮੇ ਬੱਚੇ ਨੂੰ ਗੋਦ ਲੈਣ ਲਈ ਤਿਆਰ ਹੈ। ਪਰਮਜੀਤ ਕੌਰ ਨੇ ਇਸ ਸ਼ਰਮਨਾਕ ਕੰਮ ਵਿਰੁੱਧ ਕਾਰਵਾਈ ਕਰਨ ਲਈ ਬੱਚੇ ਦੇ ਮਾਂ-ਪਿਓ ਵਿਰੁੱਧ ਕਾਨੂੰਨੀ ਕਾਰਵਾਈ ਲਈ ਪੁਲਸ ਨੂੰ ਅਪੀਲ ਕੀਤੀ ਹੈ। ਫਿਲਹਾਲ ਇਹ ਮਾਮਲਾ ਪੂਰੇ ਸ਼ਹਿਰ 'ਚ ਬਹੁਤ ਚਰਚਾ ਦਾ ਵਿਸ਼ਾ ਬਣ ਗਿਆ ਹੈ ਅਤੇ ਲੋਕ ਇਸ ਸ਼ਰਮਨਾਕ ਕੰਮ ਨੂੰ ਅੰਜਾਮ ਦੇਣ ਵਾਲਿਆਂ ਵਿਰੁੱਧ ਕਾਰਵਾਈ ਦੀ ਮੰਗ ਕਰ ਰਹੇ ਹਨ। ਪਰਮਜੀਤ ਕੌਰ ਨੇ ਦੋਸ਼ ਲਾਉਂਦੇ ਕਿਹਾ ਕਿ ਬੱਚੇ ਦਾ ਪਿਤਾ ਸੁਖਵਿੰਦਰ ਸਿੰਘ ਨੇ ਆਪਣੇ ਬਿਆਨ ਬਦਲੇ ਹਨ। ਉਸਨੇ ਕਿਹਾ ਕਿ ਸਵੇਰ ਨੂੰ ਸੁਖਵਿੰਦਰ ਸਿੰਘ ਬੱਚੇ ਨੂੰ ਆਪਣਾ ਕਹਿਣ ਤੋਂ ਹੀ ਮਨਾ ਕਰ ਰਿਹਾ



ਸੀ ਪਰ ਹੁਣ ਬਿਆਨ ਬਦਲ ਰਿਹਾ ਹੈ ਕਿ ਉਸਦੀ ਪਤਨੀ ਅਮਨਦੀਪ ਮਾਨਸਿਕ ਤੌਰ 'ਤੇ ਠੀਕ ਨਹੀਂ ਹੈ। ਧਿਆਨਦੇਣ ਯੋਗ ਹੈ ਕਿ ਇਹ ਘਟਨਾ ਦੋ ਦਿਨ ਪਹਿਲਾਂ ਸਾਹਮਣੇ ਆਈ ਸੀ ਜਦੋਂ ਦੋ ਦਿਨ ਪਹਿਲਾਂ ਦੀ ਰਾਤ ਨੂੰ ਉਕਤ ਇਲਾਕੇ ਦੇ ਕੁਝ ਵਸਨੀਕਾਂ, ਜਿਨ੍ਹਾਂ 'ਚ ਪਰਮਜੀਤ ਕੌਰ ਵੀ ਸ਼ਾਮਲ ਸੀ, ਨੇ ਇਕ ਬੱਚੇ ਦੇ ਰੋਣ ਦੀ ਆਵਾਜ਼ ਸੁਣੀ। ਇਸ ਦੌਰਾਨ ਜਦੋਂ ਇਲਾਕਾ ਨਿਵਾਸੀਆਂ ਨੇ ਵੇਖਿਆ ਤਾਂ ਉਥੇ ਹੀ ਖਾਲੀ ਪਏ ਇਕ ਪਲਾਟ 'ਚ ਕੰਡਿਆਂ ਅਤੇ ਝਾੜੀਆਂ 'ਚ ਇਕ ਨਵਜਾਤ ਬੱਚਾ ਲਾਵਾਰਿਸ ਤੌਰ 'ਤੇ ਪਿਆ ਹੋਇਆ ਸੀ। ਇਲਾਕਾ ਨਿਵਾਸੀਆਂ ਅਤੇ ਪਰਮਜੀਤ ਕੌਰ ਨੇ ਅੱਧੀ ਰਾਤ ਦੇ ਕਰੀਬ ਪੁਲਸ ਨੂੰ ਸੂਚਿਤ ਕੀਤਾ। ਬੱਚੇ ਨੂੰ ਝਾੜੀਆਂ 'ਚੋਂ ਕੱਢ ਕੇ ਇਲਾਜ ਲਈ ਗੁਰੂ ਨਾਨਕ ਦੇਵ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਨੇ ਬੱਚੇ ਦੇ ਹਾਲਤ ਨੂੰ ਮੱਦੇਨਜ਼ਰ ਰੱਖਦੇ ਹੋਏ ਉਸ ਨੂੰ ਆਈ. ਸੀ. ਯੂ. 'ਚ ਦਾਖਲ ਕੀਤਾ ਸੀ। ਨਵਜੰਮੇ ਬੱਚੇ ਦੇ ਪਿਤਾ ਸੁਖਵਿੰਦਰ ਸਿੰਘ ਨੇ ਮਾਮਲੇ ਨੂੰ ਕੁਝ ਹੋਰ ਹੀ ਰੰਗਤ ਦਿੰਦੇ ਹੋਏ ਕਿਹਾ ਕਿ ਉਸ ਦੀ ਪਤਨੀ (ਬੱਚੇ ਦੀ ਮਾਂ) ਮਾਨਸਿਕ ਤੌਰ 'ਤੇ ਬਿਮਾਰ ਦੱਸਿਆ ਹੈ। ਉਸਨੇ ਪੂਰੀ ਘਟਨਾ ਤੋਂ ਅਣਜਾਣਤਾ ਦਾ ਦਾਅਵਾ ਕੀਤਾ ਅਤੇ ਆਪਣੀ ਪਤਨੀ ਦੇ ਗਰਭਵਤੀ ਹੋਣ ਦੀ ਜਾਣਕਾਰੀ ਨਾ ਹੋਣਾ ਵੀ ਦੱਸਿਆ। ਆਪਣੇ ਬਿਆਨ 'ਚ ਉਸਨੇ ਕਿਹਾ ਕਿ ਉਹ ਡੈਕੋਰੇਸ਼ਨ ਦਾ ਕੰਮ ਕਰਦਾ ਹੈ ਅਤੇ ਪਿਛਲੇ 15 ਦਿਨਾਂ ਤੋਂ ਕੰਮ ਲਈ ਜੰਮੂ 'ਚ ਸੀ। ਘਟਨਾ ਬਾਰੇ ਪਤਾ ਲੱਗਣ 'ਤੇ ਉਹ ਕੱਲ ਸਵੇਰੇ ਹੀ ਅੰਮ੍ਰਿਤਸਰ ਵਾਪਸ ਆਇਆ। ਉਸਨੇ ਅੱਗੇ ਦੱਸਿਆ ਕਿ ਉਸਦੀ ਪਤਨੀ ਨੇ ਬੱਚੇ ਨੂੰ ਜਨਮ ਦਿੱਤਾ ਸੀ ਅਤੇ ਮਾਨਸਿਕ ਰੋਗੀ ਹੋਣ ਕਾਰਨ ਉਸਨੇ ਬੱਚੇ ਨੂੰ ਖਾਲੀ ਪਲਾਟ ਦੀਆਂ ਝਾੜੀਆਂ 'ਚ ਸੁੱਟ ਦਿੱਤਾ। ਉਸਨੇ ਅੱਗੇ ਖੁਲਾਸਾ ਕੀਤਾ ਕਿ ਇਹ ਉਨ੍ਹਾਂ ਦੋਵਾਂ ਦਾ ਦੂਜਾ ਵਿਆਹ ਸੀ ਅਤੇ ਉਸਦੇ ਪਿਛਲੇ ਵਿਆਹ ਤੋਂ ਇਕ ਪੁੱਤਰ ਅਤੇ ਇਕ ਧੀ ਹੈ। ਮਾਮਲੇ ਦੀ ਜਾਣਕਾਰੀ ਮਿਲਦਿਆਂ ਹੀ ਥਾਣਾ ਪੰਜਾਬੀ ਬੀ ਡਵੀਜ਼ਨ ਪੁਲਸ ਸਟੇਸ਼ਨ ਦੀ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਜਾਂਚ ਅਧਿਕਾਰੀ ਏ. ਐੱਸ. ਆਈ. ਬਲਵਿੰਦਰ ਸਿੰਘ ਨੇ ਕਿਹਾ ਕਿ ਦੋਵਾਂ ਧਿਰਾਂ ਦੇ ਬਿਆਨ ਦਰਜ ਕਰ ਲਏ ਗਏ ਹਨ। ਪਰਿਵਾਰ ਦਾ ਦਾਅਵਾ ਹੈ ਕਿ ਔਰਤ ਮਾਨਸਿਕ ਰੋਗੀ ਹੈ। ਉਸਨੇ ਕਿਹਾ ਕਿ ਉੱਚ ਅਧਿਕਾਰੀਆਂ ਨੂੰ ਮਾਮਲੇ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

# ਇੰਡਸਟਰੀ ਤੇ ਬਿਜਲੀ ਮਹਿਕਮੇ ਲਈ ਮਾਨ ਸਰਕਾਰ ਕੋਲ ਹਨ ਵੱਡੇ ਤੇ ਸ਼ਾਨਦਾਰ ਪਲਾਨ : ਸੰਜੀਵ ਅਰੋੜਾ

**ਕੌਮੀ ਪਤ੍ਰਿਕਾ**

ਜਲੰਧਰ 7 ਨਵੰਬਰ। ਪੰਜਾਬ ਸਰਕਾਰ ਦੇ ਇੰਡਸਟਰੀ, ਬਿਜਲੀ ਤੇ ਐੱਨ. ਆਰ. ਆਈ. ਮੰਤਰੀ ਸੰਜੀਵ ਅਰੋੜਾ ਦਾ ਕਹਿਣਾ ਹੈ ਕਿ ਸਾਡੀ ਸਰਕਾਰ ਕੋਲ ਪੰਜਾਬ ਦੇ ਵਿਕਾਸ ਲਈ ਬਹੁਤ ਹੀ ਅਗਾਂਹਵਧੂ ਯੋਜਨਾ ਹੈ। ਅਰੋੜਾ ਨੇ ਦਾਅਵਾ ਕੀਤਾ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਬਿਜਲੀ ਤੇ ਇੰਡਸਟਰੀ ਵਿਭਾਗ ਵਿਚ ਬੜੇ ਸ਼ਾਨਦਾਰ ਕਦਮ ਚੁੱਕੇ ਜਾਣਗੇ, ਜਿਨ੍ਹਾਂ ਤਹਿਤ ਇਨ੍ਹਾਂ ਮਹਿਕਮਿਆਂ ਦਾ ਬੜੀ ਤੇਜ਼ੀ ਨਾਲ ਵਿਕਾਸ ਹੋਵੇਗਾ। ਉਨ੍ਹਾਂ ਕਿਹਾ ਕਿ ਬਿਜਲੀ ਦੀ ਲਾਗਤ ਨੂੰ ਘਟਾਉਣ ਲਈ ਅਸੀਂ ਬਹੁਤ ਜਲਦੀ ਸੂਰਜੀ ਊਰਜਾ 'ਤੇ ਕੰਮ ਕਰਨ ਜਾ ਰਹੇ ਹਾਂ। ਨਾਲ ਹੀ ਉਨ੍ਹਾਂ ਕਿਹਾ ਕਿ ਜਿਹੜਾ ਪ੍ਰੋਪੇਗੰਡਾ ਖੜ੍ਹਾ ਕੀਤਾ ਜਾ ਰਿਹਾ ਹੈ ਕਿ ਪੰਜਾਬ ਤੋਂ ਇੰਡਸਟਰੀ ਭੱਜ ਰਹੀ ਹੈ, ਉਨ੍ਹਾਂ ਤੱਥਾਂ ਦੇ ਆਧਾਰ 'ਤੇ ਕਿਹਾ ਕਿ ਪੰਜਾਬ ਦੀ ਇੰਡਸਟਰੀ ਕਿਤੇ ਨਹੀਂ ਗਈ, ਸਗੋਂ ਜਿਹੜੀ ਇੰਡਸਟਰੀ ਪਿਛਲੀਆਂ ਸਰਕਾਰਾਂ ਵੇਲੇ ਚਲੀ ਗਈ ਸੀ, ਉਹ ਵਾਪਸ ਆ ਰਹੀ ਹੈ, ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਇੰਨੀਆਂ ਸ਼ਾਨਦਾਰ ਹਨ ਕਿ ਹੁਣ ਇੰਡਸਟਰੀਅਲਿਸਟਾਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਪੇਸ਼ ਹੈ ਪੂਰੀ ਗੱਲਬਾਤ- ਹਰ ਮੰਤਰੀ ਹੀ ਆਪਣੇ ਵਿਭਾਗ ਵਿਚ ਪਾਵਰਫੁੱਲ ਹੁੰਦਾ ਹੈ। ਹਰ ਵਿਭਾਗ ਹੀ ਆਪਣੇ ਆਪ ਵਿਚ ਆਜ਼ਾਦ ਹੈ। ਬਿਜਲੀ ਮੰਤਰਾਲੇ ਵਿਚ ਰਹਿ ਕੇ ਲੋਕਾਂ ਦੀ ਬਹੁਤ ਸੇਵਾ ਕੀਤੀ ਜਾ ਸਕਦੀ ਹੈ। ਇਸ ਵਿਚ ਬਹੁਤ ਸਾਰੇ ਕੰਮ ਕਰਨ ਦੀ ਲੋੜ ਹੈ। ਬਿਜਲੀ ਬੋਰਡ ਇਕ ਕੰਪਨੀ ਹੈ ਤੇ ਕੰਪਨੀ ਵਾਂਗ ਹੀ ਚੱਲਦਾ ਹੈ। ਇਸ ਕਾਰਨ ਥੋੜ੍ਹਾ ਸਿਸਟਮ ਦਾ ਫ਼ਰਕ ਤਾਂ ਹੁੰਦਾ ਹੈ। ਜੋ ਭਰੋਸਾ ਦਿਖਾ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਮੈਨੂੰ ਇਹ ਵਿਭਾਗ ਸੌਂਪਿਆ ਹੈ, ਮੈਂ ਉਸ ਉੱਪਰ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਾਂਗਾ। ਪੰਜਾਬ ਕੋਲ ਬਿਜਲੀ ਦੀ ਕੋਈ ਕਮੀ ਨਹੀਂ ਹੈ, ਪਰ ਬਿਜਲੀ ਦੇ ਟਰਾਂਸਮਿਸ਼ਨ 'ਚ ਸੁਧਾਰ ਦੀ ਬਹੁਤ ਲੋੜ ਹੈ। ਸਰਕਾਰ ਵੱਲੋਂ 5 ਹਜ਼ਾਰ ਕਰੋੜ ਰੁਪਏ ਬਿਜਲੀ ਦੀ ਟ?ਰਾਂਸਮਿਸ਼ਨ ਵਿਚ ਸੁਧਾਰ 'ਤੇ ਹੀ ਲਗਾਏ ਜਾ ਰਹੇ ਹਨ। ਇਸ ਤਹਿਤ ਤਾਰਾਂ, ਟ?ਰਾਂਸਫ਼ਾਰਮਰ ਤੇ ਗਰਿੱਡਾਂ ਲਈ ਟੈਂਡਰ ਖੁੱਲ੍ਹ ਚੁੱਕੇ ਹਨ ਤੇ ਯੋਜਨਾਬੰਦੀ ਜਾਰੀ ਹੈ। ਸਾਡੀ ਕੋਸ਼ਿਸ਼ ਹੈ ਕਿ ਆਉਣ ਵਾਲੀਆਂ ਗਰਮੀਆਂ ਵਿਚ ਬਿਜਲੀ ਦੇ ਕੱਟ ਘੱਟ ਤੋਂ ਘੱਟ ਲੱਗਣ। ਹੁਣ ਜੇ ਪਾਵਰ ਕੱਟ ਲੱਗਦਾ ਵੀ ਹੈ ਤਾਂ ਬਿਜਲੀ ਦੀ ਕਮੀ ਕਰ ਕੇ ਨਹੀਂ ਸਗੋਂ ਟਰਾਂਸਫ਼ਾਰਮਰ ਓਵਰਲੋਡ ਹੋਣ ਨਾਲ ਲੱਗਦਾ ਹੈ। ਸੂਬੇ ਦੇ ਤਰੱਕੀ ਕਰਨ ਦੇ ਨਾਲ ਹੀ ਬਿਜਲੀ ਦੀ ਮੰਗ ਵੀ ਵਧ ਰਹੀ ਹੈ। ਅਸੀਂ 2035 ਤਕ ਦੀ ਬਿਜਲੀ ਦੀ ਪਲਾਨਿੰਗ ਕਰ ਰਹੇ ਹਾਂ। ਮੈਂ ਸਾਰਿਆਂ ਨੂੰ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਜਿਹੜੇ ਵੀ 'ਕੁੰਡੀ' ਲਾ ਕੇ ਬਿਜਲੀ ਚੋਰੀ ਕਰ ਰਹੇ ਹਨ, ਉਹ ਬੰਦ ਕਰ ਦੇਣ। ਅਸੀਂ ਖ਼ੁਦ ਹੀ ਸਾਰਿਆਂ ਨੂੰ 300 ਯੂਨਿਟ ਮੁਫ਼ਤ ਬਿਜਲੀ ਦੇ ਰਹੇ ਹਾਂ, ਕਿਸਾਨਾਂ ਨੂੰ ਵੀ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਬਿਜਲੀ ਚੋਰੀ ਨਾਲ ਵਿਭਾਗ 'ਤੇ ਹੋਰ ਬੋਝ ਵਧਦਾ ਹੈ। ਜਦੋਂ ਬਿਜਲੀ ਚੋਰੀ ਵਾਲੇ ਫੜੇ ਜਾਂਦੇ ਹਨ ਤਾਂ ਵਿਆਜ-ਜੁਰਮਾਨਾ ਜੋੜ ਕੇ ਬਿੱਲ ਬਹੁਤ ਜ਼ਿਆਦਾ ਬਣ ਜਾਂਦਾ ਹੈ, ਜਿਸ ਨਾਲ ਇਨ੍ਹਾਂ ਲੋਕਾਂ ਨੂੰ ਮੁਸ਼ਕਲ ਆਉਂਦੀ ਹੈ। ਦੂਜੇ ਪਾਸੇ ਵਿਭਾਗ ਵਿਚ ਮੀਟਰ ਲਗਵਾਉਣ ਲਈ ਵੀ ਬਹੁਤ ਭ੍ਰਿਸ਼ਟਾਚਾਰ ਹੁੰਦਾ ਹੈ। ਲੋਕ ਭ੍ਰਿਸ਼ਟਾਚਾਰ ਦੇ ਖ਼?ਲਾਫ਼ ਬਿਜਲੀ ਬੋਰਡ ਦੀ ਮੋਬਾਈਲ ਐਪ ਰਾਹੀਂ ਸ਼ਿਕਾਇਤ ਵੀ ਕਰ ਸਕਦੇ ਹਨ। ਇਹ ਵੀ ਦਿੱਕਤ ਆਉਂਦੀ ਹੈ ਕਿ ਕਈ ਲੋਕ ਸ਼ਿਕਾਇਤ ਦੇਣ ਤੋਂ ਬਾਅਦ ਗਵਾਹੀ ਦੇਣ ਹੀ ਨਹੀਂ ਆਉਂਦੇ। ਜੇ ਸਬੂਤ ਹੋਣ ਤਾਂ ਭ੍ਰਿਸ਼ਟਾਚਾਰ ਕਰਨ ਵਾਲਿਆਂ ਨੂੰ ਬਿਲਕੁੱਲ ਵੀ ਬਖ਼ਸ਼ਿਆ ਨਹੀਂ ਜਾਂਦਾ। ਅਗਲੇ ਕੁਝ ਮਹੀਨਿਆਂ ਵਿਚ ਹੀ ਇਸ ਸਮੱਸਿਆ ਨੂੰ ਦੂਰ ਕਰ ਦਿੱਤਾ ਜਾਵੇਗਾ। ਇਸ ਸਬੰਧੀ ਪਹਿਲਾ ਟੈਂਡਰ ਲੁਧਿਆਣੇ ਦੀ ਇਕ ਸਬ-ਡਵੀਜ਼ਨ 'ਚ ਲਗਾ ਦਿੱਤਾ ਗਿਆ ਹੈ, ਅਗਲੇ ਹਫ਼ਤੇ ਉਸ ਦਾ ਕੰਮ ਅਲਾਟ ਕੀਤਾ ਜਾਵੇਗਾ। ਇਕ ਮਹੀਨਾ ਇਸ ਦੀ ਨਜ਼ਰਸਾਨੀ ਕੀਤੀ ਜਾਵੇਗੀ ਤੇ ਲੋੜ ਮੁਤਾਬਕ ਸੁਧਾਰ ਕਰ ਕੇ ਬਾਕੀ ਦੀਆਂ 86 ਸਬ-ਡਵੀਜ਼ਨਾਂ ਦੇ ਵੀ ਟੈਂਡਰ ਲਗਾ ਦਿੱਤੇ ਜਾਣਗੇ। ਇੰਝ ਪੰਜਾਬ ਦੀਆਂ ਸਾਰੀਆਂ 87 ਸਬ-ਡਵੀਜ਼ਨਾਂ 'ਚੋਂ ਇਹ ਸਮੱਸਿਆ ਦੂਰ ਕਰ ਦਿੱਤੀ ਜਾਵੇਗੀ। ਇਸ ਲਈ ਸਾਰਾ ਸਾਮਾਨ ਬਿਜਲੀ ਮਹਿਕਮੇ ਵੱਲੋਂ ਦਿੱਤਾ ਜਾਵੇਗਾ। ਸਿੰਗਲ ਵਿੰਡੋ ਸਿਸਟਮ ਤਾਂ ਬੜੀ ਪਹਿਲਾਂ ਦੀ ਚੱਲ ਰਹੀ ਹੈ, ਪਰ ਉਸ ਦੀਆਂ ਅੱਗੇ ਕਈ ਵਿੰਡੋਜ਼ ਨਿਕਲਦੀਆਂ ਸਨ। ਹੁਣ ਸਾਡੀ ਸਿੰਗਲ ਵਿੰਡੋ ਦਾ ਮਤਲਬ ਸਿੰਗਲ ਵਿੰਡੋ ਹੀ ਹੈ। ਅਸੀਂ ਰਾਈਟ ਟੂ ਬਿਜ਼ਨੈੱਸ ਐਕਟ ਵਿਚ ਸੋਧਾਂ ਕੀਤੀਆਂ ਹਨ। ਇਸ ਤਹਿਤ ਐੱਮ. ਐੱਸ. ਐੱਮ. ਈ. ਦੀ ਲਿਮਟ ਖ਼ਤਮ ਕਰ ਦਿੱਤੀ ਗਈ ਹੈ। ਮਨਜ਼ੂਰਸ਼ੁਦਾ ਥਾਵਾਂ 'ਤੇ ਗ੍ਰੀਨ ਤੇ ਕੁਝ ਓਰੇਂਜ ਇੰਡਸਟਰੀਜ਼ ਲਗਾਉਣ ਵਾਲਿਆਂ ਨੂੰ 5 ਦਿਨਾਂ ਅੰਦਰ ਮਨਜ਼ੂਰੀਆਂ ਦਿੱਤੀਆਂ ਜਾ ਰਹੀਆਂ ਹਨ। 5 ਦਿਨਾਂ ਵਿਚ ਮਨਜ਼ੂਰੀ ਨਾ ਮਿਲਣ 'ਤੇ ਵੀ ਇੰਡਸਟਰੀ ਸ਼ੁਰੂ ਕੀਤੀ ਜਾ ਸਕਦੀ ਹੈ। ਜੇ ਕਿਸੇ ਵੱਖਰੀ ਜਗ?ਹਾ 'ਤੇ ਇੰਡਸਟਰੀ ਲਗਾ ਰਹੇ ਹੋ ਤਾਂ 15 ਦਿਨਾਂ ਅੰਦਰ ਮਨਜ਼ੂਰੀ ਮਿਲ ਜਾਵੇਗੀ ਤੇ ਮੌਜੂਦਾ ਯੂਨਿਟ ਦੇ ਵਿਸਥਾਰ ਲਈ 18 ਦਿਨਾਂ ਅੰਦਰ ਮਨਜ਼ੂਰੀ ਦਿੱਤੀ ਜਾ ਰਹੀ ਹੈ। ਰੈੱਡ ਕੈਟੇਗਰੀ ਲਈ ਪੰਜਾਬ ਇਨਵੈਸਟ ਵਿਚ ਲੋੜੀਂਦੇ ਕਾਗਜ਼ ਦਿਓ ਤੇ 45 ਦਿਨਾਂ ਅੰਦਰ ਮਨਜ਼ੂਰੀ ਦਿੱਤੀ ਜਾਵੇਗੀ। ਲੋਕ ਆਪ ਪੰਜਾਬ ਵਿਚ ਆ ਰਹੇ ਹਨ। ਸਾਡੀ ਸਰਕਾਰ ਵਿਚ ਕੁੱਲ 1 ਲੱਖ 34



ਹਜ਼ਾਰ 871 ਕਰੋੜ ਰੁਪਏ ਦਾ ਨਿਵੇਸ਼ ਆਇਆ ਹੈ ਤੇ ਇਸ ਨਾਲ 5 ਲੱਖ ਤੋਂ ਵੱਧ ਰੋਜ਼ਗਾਰ ਦੇ ਮੌਕੇ ਪੈਦਾ ਹੋਏ ਹਨ। ਅਕਤੂਬਰ ਮਹੀਨੇ ਵਿਚ ਹੀ 197 ਅਰਜ਼ੀਆਂ ਆਈਆਂ ਹਨ, ਜਿਸ ਤਹਿਤ 4725 ਕਰੋੜ ਰੁਪਏ ਦਾ ਨਿਵੇਸ਼ ਆਇਆ ਹੈ ਤੇ ਇਸ ਨਾਲ ਤਕਰੀਬਨ 9200 ਲੋਕਾਂ ਨੂੰ ਰੋਜ਼ਗਾਰ ਮਿਲੇਗਾ। ਕਾਰੋਬਾਰੀ ਪੰਜਾਬ ਵਿਚ ਈਜ਼ ਆਫ ਡੂਇੰਗ ਬਿਜ਼ਨੈੱਸ, ਚੰਗੇ ਵਰਕਰ ਤੇ ਕਾਨੂੰਨ ਵਿਵਸਥਾ ਕਾਰਨ ਬਹੁਤ ਖ਼ੁਸ਼ ਹਨ। ਅਸੀਂ ਹਮੇਸ਼ਾ ਐੱਨ. ਆਰ. ਆਈਜ਼ ਲਈ ਹਾਜ਼ਰ ਹਾਂ ਤੇ ਉਨ੍ਹਾਂ ਦੀ ਹਰ ਤਰ੍ਹਾਂ ਦੀ ਮਦਦ ਕੀਤੀ ਜਾ ਰਹੀ ਹੈ। ਜ਼ਮੀਨਾਂ 'ਤੇ ਕਬਜ਼ਿਆਂ ਵਿਚ ਅੱਧੇ ਤੋਂ ਵੱਧ ਮਾਮਲਿਆਂ ਵਿਚ ਉਨ੍ਹਾਂ ਦੇ ਰਿਸ਼ਤੇਦਾਰ ਹੀ ਹੁੰਦੇ ਹਨ। ਦਸੰਬਰ ਮਹੀਨੇ ਵਿਚ ਅਸੀਂ ਇਕ ਕਨਕਲੇਵ ਐੱਨ. ਆਰ. ਆਈਜ਼ ਲਈ ਕਰਵਾਉਣ ਜਾ ਰਹੇ ਹਾਂ। ਇਸ ਤੋਂ ਇਲਾਵਾ 13, 14 ਤੇ 15 ਮਾਰਚ ਨੂੰ ਇਨਵੈਸਟ ਪੰਜਾਬ ਸਮਿਟ ਕਰ ਰਹੇ ਹਾਂ, ਜਿਸ ਵਿਚ ਨਿਵੇਸ਼ ਕਰਨ ਦੇ ਚਾਹਵਾਨ ਐੱਨ. ਆਰ. ਆਈਜ਼ ਨੂੰ ਸੱਦਾ ਦਿੱਤਾ ਜਾਵੇਗਾ। ਅਸੀਂ ਸੂਰਜੀ ਊਰਜਾ ਤੋਂ ਵੀ ਅੱਗੇ ਜਾ ਰਹੇ ਹਾਂ। ਕੰਪਨੀਆਂ ਤੋਂ 2035 ਤਕ ਦੀ ਬਿਜਲੀ ਮੰਗ ਦਾ ਅੰਦਾਜ਼ਾ ਲਗਾਉਣ ਦਾ ਕੰਮ ਕਰਵਾਇਆ ਜਾ ਰਿਹਾ ਹੈ। ਫ਼?ਰ ਥਰਮਲ ਅਤੇ ਨਵਿਆਉਣਯੋਗ ਊਰਜਾ (ਸੋਲਰ, ਵਿੰਡ ਤੇ ਹਾਈਡ?ਰੋ) ਰਾਹੀਂ ਮੰਗ ਪੂਰੀ ਕਰਨ ਬਾਰੇ ਯੋਜਨਾਬੰਦੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਬੈਟਰੀ ਸਟੋਰੇਜ 'ਤੇ ਵੀ ਕੰਮ ਕੀਤਾ ਜਾ ਰਿਹਾ ਹੈ। ਦਿਨ ਵੇਲੇ ਕਈ ਵਾਰ 40 ਪੈਸੇ ਵਿਚ ਵੀ ਬਿਜਲੀ ਮਿਲ ਜਾਂਦੀ ਹੈ ਤੇ ਰਾਤ ਨੂੰ ਇਹ ਕੀਮਤ 10 ਰੁਪਏ ਪ੍ਰਤੀ ਯੂਨਿਟ ਤਕ ਵੀ ਚਲੀ ਜਾਂਦੀ ਹੈ। ਅਸੀਂ ਸਸਤੀ ਬਿਜਲੀ ਨੂੰ ਸਟੋਰ ਕਰਨ 'ਤੇ ਕੰਮ ਕਰ ਰਹੇ ਹਾਂ। ਇਸ ਤੋਂ ਇਲਾਵਾ ਥਰਮਲ ਊਰਜਾ ਨੂੰ ਘਟਾ ਕੇ ਨਵਿਆਉਣਯੋਗ ਊਰਜਾ ਵਧਾਉਣ 'ਤੇ ਕੰਮ ਕਰ ਰਹੇ ਹਾਂ। ਇਸ ਦੇ ਨਾਲ ਹੀ ਅਸੀਂ ਸੋਲਰ ਪਲਾਂਟ ਲਗਾਉਣ ਵਾਲਿਆਂ ਨਾਲ ਸਿੱਧੇ ਟੈਂਡਰ ਭਰਨ ਬਾਰੇ ਵੀ ਗੱਲਬਾਤ ਕਰ ਰਹੇ ਹਾਂ, ਜੋ ਪਹਿਲਾਂ ਕੇਂਦਰੀ ਏਜੰਸੀਆਂ ਰਾਹੀਂ ਹੁੰਦਾ ਸੀ, ਜਿਸ ਦੇ ਵਾਧੂ ਪੈਸੇ ਦੇਣੇ ਪੈਂਦੇ ਸਨ।